ਭਾਈ
ਮੱਖਣ ਸ਼ਾਹ ਲੁਬਾਣਾ



ਸਿੱਖ ਮਿਸ਼ਨ ਇੰਟਰਨੈਸ਼ਨਲ, ਸਪੇਨ

ਪ੍ਰਸਿੱਧ ਲੁਬਾਣੇ

ਬਾਬਾ ਪ੍ਰੇਮ ਸਿੰਘ
ਮੁਰਾਲਾ ਵਾਲੇ

ਬਾਬਾ ਮਾਝਾ ਸਿੰਘ

ਬਾਬਾ ਹਰਨਾਮ ਸਿੰਘ

ਗਿਆਨੀ ਚੇਤ ਸਿੰਘ

ਗਿਆਨੀ ਹੇਮ ਸਿੰਘ

ਚੌਧਰੀ ਲੱਖੀ ਸਿੰਘ

ਲੇਖਕ :
ਡਾ. ਹਰਜਿੰਦਰ ਸਿੰਘ ਦਿਲਗੀਰ।
ਫ਼ੋਨ : 00(91) 94171-83277
e-mail : hsdilgeer@yahoo.com

ਪ੍ਰਕਾਸ਼ਕ :
ਸ. ਕੁਲਵਿੰਦਰ ਸਿੰਘ ਜਾਡਲਾ
ਕਨਵੀਨਰ, ਸਿੱਖ ਮਿਸ਼ਨ ਇੰਟਰਨੈਸ਼ਨਲ, ਸਪੇਨ
ਅਤੇ
ਸ. ਸੁਰਜੀਤ ਸਿੰਘ ਛਦੌੜੀ
ਚੇਅਰਮੈਨ, ਸਿੱਖ ਯੂਨੀਵਰਸਿਟੀ ਪ੍ਰੈਸ, ਬੈਲਜੀਅਮ

ਲੁਬਾਣੇ ਕੌਣ ਹਨ ?

ਲੁਬਾਣਿਆਂ ਨੂੰ ਕਈ ਲੋਕ ਆਮ ਵਣਜਾਰਿਆਂ ਤੇ ਸਿਕਲੀਗਰਾਂ ਨਾਲ ਜੋੜ ਦੇਂਦੇ ਹਨ, ਜੋ ਗ਼ਲਤ ਹੈ। ਵਣਜਾਰਾ (ਵਣਜ ਕਰਨ ਵਾਲਾ) ਇਕ ਆਮ ਲਫ਼ਜ਼ ਹੈ ਜੋ ਹਰ ਇਕ ਵਪਾਰੀ ਵਾਸਤੇ ਵਰਤਿਆ ਜਾਂਦਾ ਹੈ। ਪਰ, ਹਰ ਲੁਬਾਣਾ ਵਣਜਾਰਾ ਨਹੀਂ ਹੁੰਦਾ ਤੇ ਹਰ ਵਣਜਾਰਾ ਲੁਬਾਣਾ ਵੀ ਨਹੀਂ ਹੁੰਦਾ। ਭਾਈ ਲੱਖੀ ਰਾਏ ਵੀ ਵਣਜਾਰਾ ਸੀ ਪਰ ਉਹ ਲੁਬਾਣਾ ਨਹੀਂ ਸੀ। ਉਹ ਯਾਦਵ ਕੁਲ ਦਾ ਰਾਜਪੂਤ ਸੀ। ਭਾਈ ਮਨਸੁਖ ਵੀ ਵਣਜਾਰਾ ਸੀ ਪਰ ਉਹ ਰਾਜਪੂਤ ਨਹੀਂ ਸੀ ਬਲਕਿ ਖਤਰੀ ਸੀ।

ਲੁਬਾਣੇ ਵੀ ਰਾਜਪੂਤਾਂ ਦੀ ਇਕ ਬਿਰਾਦਰੀ ਹਨ। ਵੱਡੀਆਂ ਰਾਜਪੂਤ ਬਰਾਦਰੀਆਂ ਹਨ: ਪਰਮਾਰ, ਚੌਹਾਨ, ਰਾਠੌਰ, ਤੋਮਰ, ਸੋਲੰਕੀ, ਯਾਦਵ, ਭੱਟੀ। ਇਨ੍ਹਾਂ ਵਿਚੋਂ ਸਿਰਫ਼ ਤੋਮਰ ਅਤੇ ਯਾਦਵ ਵੱਡੇ ਵਪਾਰੀ (ਵਣਜਾਰੇ) ਸਨ। ਸੋਲੰਕੀ ਛੋਟੇ ਵਪਾਰੀ ਸਨ ਤੇ ਪਰਮਾਰਾਂ ਵਿਚੋਂ ਕੁਝ ਵਪਾਰੀ ਸਨ ਤੇ ਕੁਝ ਫ਼ੌਜੀ। ਰਾਠੌਰ ਤੇ ਚੌਹਾਨ ਮੁਖ ਤੌਰ 'ਤੇ ਕਿਸਾਨ ਜਾਂ ਫੌਜੀ ਸਨ। ਚੰਡੇਲ, ਕਟੋਚ, ਰਾਣੇ ਤੇ ਕੁਝ ਹੋਰ ਰਾਜਪੂਤ ਵੀ ਮਸ਼ਹੂਰ ਹਨ। ਇਕ ਨਾਂ ਪਰਿਹਾਰ ਰਾਜਪੂਤਾਂ ਦਾ ਵੀ ਮਿਲਦਾ ਹੈ। ਦਰਅਸਲ ਇਹੀ ਮਗਰੋਂ ਰਾਠੌਰ ਅਖਵਾਉਣ ਲਗ ਪਏ ਸਨ। ਗੁਰਜਾਰ ਵੀ ਰਾਜਪੂਤ ਅਖਵਾਉਂਦੇ ਸਨ। ਪਰ ਹੁਣ ਉਨ੍ਹਾਂ ਵਿੱਚੋਂ ਬਹੁਤੇ ਆਪਣੇ ਆਪ ਨੂੰ ਪੱਛੜੀਆਂ ਜ਼ਾਤਾਂ ਵਿਚ ਰੱਖਣ ਲਗ ਪਏ ਹਨ, ਸ਼ਾਇਦ ਰਾਖਵਾਂਕਰਨ ਦਾ ਫ਼ਾਇਦਾ ਉਠਾਉਣ ਵਾਸਤੇ। ਕੁਝ ਲੋਕ ਗੁੱਜਰ ਤੇ ਗੁਰਜਾਰ ਨੂੰ ਗ਼ਲਤੀ ਨਾਲ ਇਕ ਹੀ ਸਮਝ ਲੈਂਦੇ ਹਨ।

ਸਿੱਖਾਂ ਨਾਲ ਸਬੰਧ ਰੱਖਣ ਵਾਲੇ ਰਾਜਪੂਤਾਂ ਵਿਚੋਂ ਪਰਮਾਰ (ਭਾਈ ਮਨੀ ਸਿੰਘ ਘਰਾਣਾ), ਚੌਹਾਨ (ਭਾਈ ਆਲਮ ਸਿੰਘ ਨੱਚਣਾ ਘਰਾਣਾ), ਰਾਠੌਰ (ਸੁਖੀਆ ਮਾਂਡਨ, ਬਜਰ ਸਿੰਘ ਘਰਾਣਾ), ਯਾਦਵ (ਲੱਖੀ ਰਾਏ ਵਣਜਾਰਾ ਘਰਾਣਾ), ਤੋਮਰ/ਤੁੰਵਰ (ਭਾਈ ਮੱਖਣ ਸ਼ਾਹ ਘਰਾਣਾ) ਮੁਖ ਸਨ।

ਲੁਬਾਣੇ **ਤੋਮਰ** ਰਾਜਪੂਤ ਸਨ। ਇਨ੍ਹਾਂ ਤੋਮਰ ਰਾਜਪੂਤਾਂ ਨੇ ਹੀ 734 ਵਿਚ ਦਿੱਲੀ ਨਗਰ ਦਾ ਮੁੱਢ ਬੰਨ੍ਹਿਆ ਸੀ। ਗਵਾਲੀਅਰ ਦਾ ਮਜ਼ਬੂਤ ਕਿਲ੍ਹਾ ਵੀ ਇਨ੍ਹਾਂ ਵਿਚੋਂ ਇਕ ਰਾਜੇ ਨੇ ਬਣਵਾਇਆ ਸੀ। ਤੋਮਰ ਰਾਜਪੂਤਾਂ ਦਾ ਘੱਗਰ ਅਤੇ ਚੰਬਲ ਦਰਿਆ ਦੇ ਵਿਚਕਾਰਲੇ ਇਲਾਕੇ 'ਤੇ ਰਾਜ ਸੀ। ਇਸੇ ਬਿਰਾਦਰੀ ਵਿਚੋਂ ਕਈ ਤੋਮਰ ਵਣਜ ਵੀ ਕਰਿਆ ਕਰਦੇ ਸਨ। ਉਂਞ ਵਣਜ ਕਰਨ ਵਾਲੇ ਸਾਰੇ ਵਪਾਰੀ ਸਿਰਫ਼ ਰਾਜਪੂਤ ਹੀ ਹੁੰਦੇ ਸਨ। ਉਨ੍ਹਾਂ ਦਿਨਾਂ ਵਿਚ ਵਣਜਾਰੇ ਇਕ ਦੇਸ ਜਾਂ ਕਿਸੇ ਦੇਸ ਦੇ ਇਕ ਇਲਾਕੇ ਵਿਚੋਂ ਉੱਥੋਂ ਦੀਆਂ ਚੀਜ਼ਾਂ ਲੈ ਕੇ ਦੂਰ ਦੁਰਾਡੇ ਕਿਸੇ ਇਲਾਕੇ ਵਿਚ ਲਿਜਾਇਆ ਕਰਦੇ ਸਨ ਤੇ ਉਸ ਦੇ ਬਦਲੇ

ਉਥੋਂ ਦੀਆਂ ਚੀਜ਼ਾਂ ਆਪਣੇ ਵਤਨ ਵਾਸਤੇ ਜਾਂ ਰਸਤੇ ਵਿਚ ਵੇਚਣ ਲਿਜਾਇਆ ਕਰਦੇ ਸਨ। ਉਦੋਂ ਲੈਣ-ਦੇਣ ਕਰੰਸੀ ਵਿਚ ਨਹੀਂ ਬਲਕਿ ਸੋਨਾ-ਚਾਂਦੀ ਜਾਂ ਹੋਰ ਚੀਜ਼ਾਂ ਦੇ ਵਟਾਂਦਰੇ ਦੇ ਰੂਪ ਵਿਚ ਹੋਇਆ ਕਰਦਾ ਸੀ।

ਵਣਜਾਰਿਆਂ ਵਿਚ ਵੀ ਕਈ ਦਰਜੇ ਦੇ ਵਪਾਰੀ ਹੋਇਆ ਕਰਦੇ ਸਨ। ਛੋਟੇ ਵਪਾਰੀਆਂ ਕੋਲ 50 ਤੋਂ 100 ਊਠ, ਘੋੜੇ, ਬਲਦ, ਖੱਚਰ ਹੋਇਆ ਕਰਦੇ ਸਨ ਤੇ ਵੱਡਿਆਂ ਕੋਲ ਇਕ-ਇਕ ਖਾਂਡਾ (100 ਭਾਰ ਚੁੱਕਣ ਵਾਲੇ ਪਸੂ) ਹੋਇਆ ਕਰਦਾ ਸੀ (ਇਕ ਸੋਮੇ ਮੁਤਾਬਿਕ ਇਕ ਖਾਂਡੇ ਵਿਚ 1000 ਪਸੂ ਹੁੰਦੇ ਸਨ)। ਜਿਸ ਕੋਲ ਇਕ ਤੋਂ ਵਧ ਖਾਂਡਾ ਹੁੰਦਾ ਸੀ ਉਸ ਨੂੰ "**ਨਾਇਕ**" (ਲਫ਼ਜ਼ੀ ਮਾਅਨਾ ਮੁਖੀ, ਆਗੂ) ਕਿਹਾ ਜਾਂਦਾ। ਭਾਈ ਮੱਖਣ ਸ਼ਾਹ ਦਾ ਪੜਦਾਦਾ ਬੰਨਾ ਵੱਡਾ ਨਾਇਕ ਜਾਣਿਆ ਜਾਂਦਾ ਸੀ ਕਿਉਂਕਿ ਉਸ ਕੋਲ ਦਸ ਖਾਂਡੇ ਸਨ। ਯਾਨਿ ਉਸ ਕੋਲ ਇਕ ਹਜ਼ਾਰ ਬਲਦ, ਘੋੜੇ, ਊਠ, ਖੱਚਰ ਸਨ ਤੇ ਉਸ ਦਾ ਪਿੰਡ ਮੋਟਾ ਟਾਂਡਾ ਤੇ ਵੱਡਾ ਖਾਂਡਾ ਵਜੋਂ ਵੀ ਜਾਣਿਆ ਜਾਂਦਾ ਸੀ। ਅਜ ਉਹ ਨਗਰ ਪਾਕਿਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰ ਵਿਚ ਹੈ, ਪਰ ਅਜ ਵੀ ਉਸ ਦਾ ਨਾਂ 'ਖਾਂਡਾ' ਹੀ ਹੈ ।

ਲੁਬਾਣਾ ਲਫ਼ਜ਼ ਨੂੰ 'ਲਵਣ' (ਲੂਣ) ਨਾਲ ਸਬੰਧਤ ਕੀਤਾ ਜਾਦਾ ਹੈ। ਇਸ ਸੋਮੇ ਮੁਤਾਬਿਕ ਇਨ੍ਹਾਂ ਵਪਾਰੀਆਂ ਦੇ ਵਣਜ ਦੀ ਇਕ ਅਹਿਮ ਚੀਜ਼ ਲੂਣ ਹੋਇਆ ਕਰਦੇ ਸੀ। ਇਸ ਕਰ ਕੇ ਇਨ੍ਹਾਂ ਨੂੰ ਲੂਣ ਦਾ ਬਣਜ (ਵਣਜ) ਕਰਨ ਵਾਲੇ ਕਿਹਾ ਕਰਦੇ ਸਨ ਜੋ ਹੌਲੀ-ਹੌਲੀ ਲਵਾਣਜੇ, ਲੁਬਾਣਜੇ ਤੇ ਫਿਰ ਲੁਬਾਣੇ ਬਣ ਗਿਆ।

ਭਾਈ ਮੱਖਣ ਸ਼ਾਹ ਦਾ ਪਰਿਵਾਰ ਕਸ਼ਮੀਰ ਵਿਚ ਬਾਬਾ ਸਾਉਣ ਤੋਂ ਚਲਦਾ ਹੈ। ਉਸ ਦਾ ਪੁਤਰ ਸੀ ਬਹੋੜੂ ਤੇ ਬਹੋੜੂ ਦਾ ਬੰਨਾ, ਜੋ ਗੁਰੂ ਨਾਨਕ ਸਾਹਿਬ ਵੇਲੇ ਸਿੱਖੀ ਵਿਚ ਸ਼ਾਮਿਲ ਹੋਇਆ ਸੀ। ਬੰਨਾ ਦਾ ਪੁਤਰ ਅਰਥਾ ਤੇ ਅਰਥੇ ਦਾ ਪੁਤਰ ਦਾਸਾ ਸੀ। ਦਾਸੇ ਦਾ ਪੁਤਰ ਮੱਖਣ ਸ਼ਾਹ ਸੀ। ਉਸ ਦੇ ਅਗੋਂ ਤਿਨ ਪੁੱਤਰ ਸਨ : ਚੰਦੂ ਲਾਲ, ਲਾਲ ਚੰਦ ਤੇ ਕੁਸ਼ਾਲ ਚੰਦ। ਭਾਈ ਮੱਖਣ ਸ਼ਾਹ ਤੇ ਚੰਦੂ ਲਾਲ ਦਸਮ ਪਾਤਸ਼ਾਹ ਵੱਲੋਂ ਖੰਡੇ ਦਾ ਪਾਹੁਲ ਸ਼ੁਰੂ ਕਰਨ (1698) ਤੋਂ ਪਹਿਲਾਂ ਹੀ ਚੜਾਈ ਕਰ ਚੁਕੇ ਸਨ ਪਰ ਲਾਲ ਚੰਦ ਤੇ ਕੁਸ਼ਾਲ ਚੰਦ ਨੇ ਗੁਰੂ ਸਾਹਿਬ ਤੋਂ ਪਾਹੁਲ ਲਈ ਅਤੇ ਲਾਲ ਸਿੰਘ ਤੇ ਕੁਸ਼ਾਲ ਸਿੰਘ ਬਣ ਗਏ। ਇਨ੍ਹਾਂ ਵਿਚੋਂ ਲਾਲ ਸਿੰਘ ਦਾ ਖ਼ਾਨਦਾਨ ਅਜ ਵੀ ਚਲਦਾ ਹੈ। ਇਨ੍ਹਾਂ ਦਾ ਰਿਕਾਰਡ ਪਹੋਵਾ ਵਿਚ ਪੰਡਤ ਪੂਰਨ ਨੰਦ (ਪੁਤਰ ਪੰਡਤ ਸ਼ਰਧਾ ਰਾਮ) ਅਤੇ ਉਸ ਦੇ ਵਾਰਿਸਾਂ ਦੀਆਂ ਵਹੀਆਂ ਵਿਚ, ਸਫ਼ਾ 339 ਅਤੇ ਹੋਰ ਕਈ ਸਫ਼ਿਆਂ ਤੇ ਅਜ ਵੀ ਮੌਜੂਦ ਹੈ।

ਬਾਬਾ ਮੱਖਣ ਸ਼ਾਹ ਦਾ ਪਿਛੋਕੜ ਪੀਲੀਭੀਤ ਦੇ ਇਲਾਕੇ ਦਾ ਹੈ। ਇਨ੍ਹਾਂ ਦੀ ਬਿਰਾਦਰੀ ਵਿਚੋਂ ਰਾਜਾ ਮਾਨ ਸਿੰਹ ਸੀ ਜਿਸ ਨੇ ਗਵਾਲੀਅਰ ਦੇ ਕਿਲ੍ਹੇ ਵਿਚ ਆਪਣਾ ਮਹਿਲ ਬਣਾਇਆ ਸੀ। (ਮਗਰੋਂ ਇੱਥੇ ਗੁਰੂ ਹਰਿਗੋਬਿੰਦ ਸਾਹਿਬ 6 ਸਾਲ, 1613 ਤੋਂ 1619 ਤਕ, ਕੈਦ ਰਹੇ ਸਨ) ਰਾਜਾ ਮਾਨ ਸਿੰਹ ਦੇ ਪਰਿਵਾਰ ਵਿਚੋਂ ਕਈ ਘਰ ਪੂਰਨਪੁਰ ਵਿਚ ਅਜ ਵੀ ਰਹਿ ਰਹੇ ਹਨ। ਇਨ੍ਹਾਂ ਵਿਚੋਂ ਇਕ ਵਕੀਲ ਚੰਦਰਭਾਨ ਇਸ ਇਲਾਕੇ ਦੇ ਮੋਹਿਤਬਰ ਸ਼ਖ਼ਸ ਸਨ।

ਭਾਈ ਮੱਖਣ ਸ਼ਾਹ ਦੇ ਪਰਿਵਾਰ ਨੂੰ "ਬਾਵੇ" ਵੀ ਕਹਿੰਦੇ ਹਨ। ਇਨ੍ਹਾਂ ਨੂੰ ਲੁਬਾਣੇ ਆਪਣਾ ਦਸਵੰਧ ਭੇਟ ਕਰਦੇ ਹਨ ਜੋ ਉਹ ਅੱਗੋਂ ਧਾਰਮਿਕ ਕੰਮਾਂ ਵਿਚ ਭੇਟ ਕਰ ਦੇਂਦੇ ਹਨ।

ਖਾਂਡਾ ਨਗਰ ਵਿਚ ਭਾਈ ਮੱਖਣ ਸ਼ਾਹ ਦੀ ਕੁਲ ਵਿਚੋਂ 400 ਘਰ ਰਹਿੰਦੇ ਸਨ ਜੋ 1947 ਵਿਚ ਉੱਥੋਂ ਉਜੜ ਕੇ ਕਠੂਆ ਜ਼ਿਲ੍ਹਾ ਦੇ ਪਿੰਡ ਬਰਨੋਟੀ ਵਿਚ ਆ ਵਸੇ ਸਨ। ਖਾਂਡਾ ਦੇ ਆਲੇ ਦੁਆਲੇ ਦੇ ਕਈ ਹੋਰ ਪਿੰਡਾਂ ਵਿਚ ਵੀ 'ਪੇਲੀਆ' ਗੋਤ ਦੇ ਲੁਬਾਣੇ ਰਿਹਾ ਕਰਦੇ ਸਨ। ਮੱਖਣ ਸ਼ਾਹ ਪਰਿਵਾਰ ਵਿਚੋਂ ਇਕ ਘਰ ਮੁਜ਼ੱਫ਼ਰਾਬਾਦ ਤੋਂ ਉੱਤਰ ਵਲ, 16-17 ਕਿਲੋਮੀਟਰ ਦੂਰ, ਪਹਾੜੀ ਵਿਚ ਸ਼ੇਰੀ ਦੱਰਾ ਪਿੰਡ ਵਿਚ ਵੀ ਵਸਦਾ ਸੀ। ਇਹ ਸਾਰੇ ਪਰਿਵਾਰ ਕਿਤੇ ਵੀ ਹੋਣ ਗੁਰੂ ਹਰਗੋਬਿੰਦ ਸਾਹਿਬ ਦੇ ਜਨਮ ਦਿਨ ਤੇ ਹਰ ਸਾਲ 19 ਜੂਨ ਨੂੰ ਖਾਂਡਾ ਪਿੰਡ ਵਿਚ ਇਕੱਠੇ ਹੋਇਆ ਕਰਦੇ ਸਨ।

ਖਾਂਡਾ ਲੁਬਾਣਾ ਵਿਚ ਭਾਈ ਮਖਣ ਸ਼ਾਹ (ਪੇਲੀਆ ਗੋਤ) ਤੋਂ ਇਲਾਵਾ ਕਈ ਹੋਰ ਗੋਤਾਂ ਦੇ ਲੁਬਾਣੇ ਵੀ ਰਿਹਾ ਕਰਦੇ ਸਨ, ਇਨ੍ਹਾਂ ਵਿਚੋਂ ਮੁਖ ਇਹ ਸਨ : ਮਠਾਣੇ, ਪਢਵਾਲ, ਅਜਰੌਤ, ਗੁਜਰ, ਦਾਤੇਲੇ, ਬਾਮਣ, ਮਨੌਲੀ, ਉਜਲ ਵਗੈਰਾ। ਭਾਈ ਮੱਖਣ ਸ਼ਾਹ ਦੇ ਪਰਿਵਾਰ ਨੂੰ ਗੁਰੂ ਸਾਹਿਬਾਨ ਵਲੋਂ ਬੜੀਆਂ ਬਖ਼ਸ਼ਿਸ਼ਾਂ ਸਨ ਇਸ ਕਰ ਕੇ ਇਨ੍ਹਾਂ ਨੂੰ 'ਬਾਵੇ' ਤੇ 'ਬਾਵੇ ਰਾਮਦਾਸ' ਵੀ ਆਖਿਆ ਜਾਂਦਾ ਸੀ। ਭਾਈ ਮੱਖਣ ਸ਼ਾਹ ਨੂੰ 'ਨਾਇਕ' ਵੀ ਕਿਹਾ ਜਾਂਦਾ ਹੈ, ਜਿਸ ਦਾ ਮਤਲਬ ਮੁਖੀ/ਆਗੂ ਹੁੰਦਾ ਹੈ। ਮੱਖਣ ਸ਼ਾਹ, ਉਸ ਦਾ ਪਿਤਾ ਦਾਸਾ, ਉਸ ਦਾ ਪਿਤਾ ਅਰਥਾ, ਉਸ ਦਾ ਪਿਤਾ ਬੰਨਾ ਸਾਰੇ ਹੀ ਨਾਇਕ ਸਨ ਯਾਨਿ ਉਹ ਪੇਲੀਆ ਗੋਤ ਦੇ ਮੁਖੀ ਸਨ।

ਲੁਬਾਣਾ ਬਰਾਦਰੀ ਦਾ ਅੱਜ ਬੜਾ ਵੱਡਾ ਫੈਲਾਅ ਹੈ। ਇਹ ਦੁਨੀਆਂ ਦੇ ਹਰ ਪਾਸੇ ਵਿਚ ਫੈਲੇ ਹੋਏ ਹਨ। ਲੁਬਾਣਾ ਬਰਾਦਰੀ ਦੀਆਂ ਮੁਖ 11 ਗੋਤਾਂ ਹਨ : ਕੁੰਡਲਾ, ਸੰਦਲਾ, ਮੁਖ ਗੋਤਾਂ ਹਨ। ਇਹ ਗੋਤਾਂ ਅਗੋਂ ਫਿਰ ਮੂੰਹੀਆਂ (ਅੱਲਾਂ) ਵਿਚ ਵੰਡੀਆਂ ਹੋਈਆਂ ਹਨ: ਕੁੰਡਲਾ-ਡਾਲਟਾ, ਬਰਿਆਣਾ/ਮੁਲਤਾਨ, ਮਥੌਨ, ਕਕਨੀਏ, ਲਲੀਏ, ਕੁਲਸਾਨੇ/ਕਲਵਾਨੇ, ਹਿਸਬਮਾਨੇ, ਨਿਮਤੀਆਨੇ,

ਨਜਰਾਨੇ, ਗੜ੍ਹੇ, ਮੂਸਲੇ, ਕੂਲੀਆ, ਦਰਦਲੀਆ, ਮੂਈਏ, ਸੰਸੀਆਨਾ, ਜੋਗੀਏ, ਦਾਰੀਵੇ, ਉਦਮਾਲੀਆ, ਖਬਰੀਹੇ, ਨਾਲੇ, ਜਾਲੇ ਝੰਡੇ, ਲੰਮੇ, ਕਰਮਾਨੀ, ਨੰਗਸੰਘੀਏ, ਬਰਵਾਲ, ਮਾਨੇਮੀ, ਬਾਲਾ।

ਸੰਦਲਾ ਗੋਤ: ਅਜਰਾਵਤ/ਘੋਤਰਾ, ਮਤੀਆਨਾ, ਲਖਮਣ, ਲਿਮਤਿਆਨੇ, ਮੁੰਦਰ, ਬਹਾਦੁਰੀਏ, ਡੇਡੀਣੇ, ਫੱਟੇ ਖਾਨੀ, ਭੌਰੇ, ਲਮਧਾਰੀਏ, ਮੁਛੀਏ, ਮਾਨਾਂ, ਡੇਡੂ, ਉਰਜਾਰੇ, ਬਟਾਮਲੇ, ਕਗੜ੍ਹਕੇ, ਧੇਤਲ, ਸਾਦੀਆਨੀ, ਕਉਲੀਏ, ਬਾਸੋਨੀਏ, ਨਾਨੋਤ, ਮਖਣ ਕੇ, ਸੁੰਦਰਨੀ, ਤੀਤਾਰੀਏ, ਦੋ ਕੇ, ਚਿਤੜੇ, ਲਾਕਨ, ਜਾਗਲੀਏ ਤੇ ਰਾਈ ਕੇ।

ਭੜੌਤ ਗੋਤ : ਪਾਂਡੇ, ਪੰਡਵਾਲੀਏ, ਧਰੀਮੀਏ, ਮਨੀਹਾਨੀ, ਖਾਂਡੀਏ, ਯੁਤਾਨੀ, ਗਾਡਰੀਏ, ਚਿੰਗਾਰੀਏ ।

ਬਾਸਕ ਗੋਤ : ਕਾਸ਼ਮੀ, ਖਸਰੀਏ, ਖੁਨ-ਖਸਰੀਏ, ਭਹਾਵੀਏ, ਹਰਦਾਸੀਏ, ਮਲਕੇ, ਮਖਣਵਾਲ, ਕਰਮੂਕੇ ।

ਕੋਂਡਲ ਗੋਤ : ਮਖੋਣ, ਭੌਸੀਏ, ਅਧਮੂਦੀਏ, ਮਲਈਏ

ਕਉਲਛ ਗੋਤ : ਗਰਜਾਰ, ਗੁੱਜਰ, ਪੋਪਾਲੇ, ਬੋਰੀਏ, ਮਲਾਈਕੇ, ਪਟਵਾਰੀਕੇ, ਕੰਛੀਠੀਏ।

ਪ੍ਰਾਸਲਾ ਗੋਤ : ਰਾਏ, ਭਾਈਕਾਰੇ, ਭੱਟੀ, ਪੰਧ, ਸੁਰਤੀਏ, ਗੋੜ

ਕਛਪ ਗੋਤ : ਪਾਲ, ਪੇਲੀਏ/ਮਖਣ ਸ਼ਾਹੀਏ, ਚੰਪਾਰਨੀਏ, ਫੱਟੜੇ, ਰਾਜੇ ਭਾਲਕੇ, ਗੋਮਤ, ਸੋਨਕ

ਵਸ਼ਿਸ਼ਟ ਗੋਤ : ਨਾਇਕ ਬ੍ਰਾਹਮਣ, ਕਮੰਨੀ, ਰਾਜੇ ਕੇ, ਗੁਲਬੀ, ਦਸੌਂਧੀਏ, ਨਾਇਕੀਏ

ਬਿਸ਼ਪਤ ਗੋਤ : ਸਾਰਾਪਤੀ, ਨਾਨਾਕੀ, ਰਖਬਾਰੇ, ਦਸੌਂਧੀਆ, ਭਾਊ

ਅਟਰੇਲੇ ਗੋਤ : ਮੋਜਲੇ, ਟਾਂਕਰੇ, ਬੋਦੀਏ, ਗੌਕੇ, ਬੰਬੀਏ ।

(ਦਰਅਸਲ ਗੋਤਾਂ ਦੇ ਇਹ ਨਾਂ ਕਿਸੇ ਗੋਤ ਦੇ ਮੁਖੀ ਤੋਂ ਚੱਲੇ ਪਰਿਵਾਰ ਦੀਆਂ ਮੂੰਹੀਆਂ ਬਣ ਕੇ ਕਾਇਮ ਹੋ ਗਏ ਸਨ ਤੇ ਹੌਲੀ-ਹੌਲੀ ਉਹ ਪੂਰੀ ਗੋਤ ਵਜੋਂ ਜਾਣੇ ਜਾਣ ਲਗ ਪਏ ਸਨ)।

ਸ: ਹਰਨਾਮ ਸਿੰਘ (ਲੇਖਕ *ਜੀਵਨ ਬਾਬਾ ਮੱਖਣ ਸ਼ਾਹ ਲੁਬਾਣਾ*) ਇਨ੍ਹਾਂ ਬਿਰਾਦਰੀਆਂ ਨੂੰ ਇਨ੍ਹਾਂ ਉਨਵਾਨਾਂ ਹੇਠ ਵੰਡਦੇ ਹਨ: 1. ਕੁੰਡਲਸ, 2.

ਸੁੰਡਲਸ 3. ਬਸ਼ਕ 4. ਕਸ਼ਪ 5. ਕੌਸ਼ਲ 6. ਫੁਲਰਸ 7. ਭਰਾਵਤ, 8. ਬਤਲਸ 9. ਲਸਲਸ 10. ਗਰਗ 11. ਨਾਰਦ।

1947 ਤੋਂ ਪਹਿਲਾਂ ਬਹੁਤੇ ਲੁਬਾਣੇ ਕਸ਼ਮੀਰ ਤੋਂ ਇਲਾਵਾ ਜ਼ਿਲ੍ਹਾ ਸ਼ੇਖ਼ੂਪੁਰਾ, ਗੁਜਰਾਤ, ਸਿਆਲਕੋਟ, ਗੁਜਰਾਂਵਾਲਾ, ਲਾਇਲਪੁਰ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿਚ ਰਹਿੰਦੇ ਸਨ। ਪਰ 1947 ਤੋਂ ਮਗਰੋਂ ਇਨ੍ਹਾਂ ਦਾ ਬਹੁਤਾ ਹਿੱਸਾ ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਤੇ ਹੁਸ਼ਿਆਰਪੁਰ ਵਿਚ ਆ ਵਸਿਆ ਸੀ।

ਲੁਬਾਣਿਆਂ ਦਾ ਸਿੱਖੀ ਨਾਲ ਜੁੜਨਾ

ਜਦੋਂ ਗੁਰੂ ਨਾਨਕ ਸਾਹਿਬ ਕਸ਼ਮੀਰ ਵਿਚ ਗਏ ਤਾਂ ਉਨ੍ਹਾਂ ਨੇ ਦੋ ਜਣਿਆਂ ਨੂੰ ਸਿੱਖ ਮਿਸ਼ਨ ਦੇ ਪ੍ਰਚਾਰ ਦੀ ਜ਼ਿੰਮੇਵਾਰੀ ਸੌਂਪੀ ਸੀ। ਇਹ ਦੋ ਸਨ: ਮਟਨ ਦਾ ਭਾਈ ਬ੍ਰਹਮ ਦਾਸ (ਭਾਈ ਕਿਰਪਾ ਰਾਮ/ਸਿੰਘ ਦਤ ਦਾ ਪੜਦਾਦਾ) ਅਤੇ ਨਾਇਕ ਬੰਨਾ (ਲੁਬਾਣਿਆਂ ਦਾ ਨਾਇਕ/ਮੁਖੀ)। ਭਾਈ ਬ੍ਰਹਮਦਾਸ, ਜੋ ਪਾਂਡਿਆਂ ਵਿਚੋਂ ਸਭ ਤੋਂ ਵਧ ਵਿਦਵਾਨ ਪੰਡਤ ਸੀ, ਉਸ ਵੇਲੇ ਹਿੰਦੂਆਂ ਦੇ ਤੀਰਥ ਮਾਰਤੰਡ ਕੋਲ ਪਿੰਡ ਬੀਜ ਬਿਹਾੜਾ (ਨੇੜੇ ਮਟਨ) ਰਹਿੰਦਾ ਸੀ। ਨਾਇਕ ਬੰਨਾ (ਪੁੱਤਰ ਨਾਇਕ ਸਾਵਣ) ਪੇਲੀਆ ਗੋਤ ਦਾ ਲੁਬਾਣਾ ਰਾਜਪੂਤ ਇਕ ਬੜਾ ਵੱਡਾ ਵਣਜਾਰਾ (ਬਣਜਾਰਾ) ਯਾਨਿ ਵਪਾਰੀ ਸੀ। ਉਸ ਦਾ ਟਾਂਡਾ (ਵਪਾਰਕ ਕਾਫ਼ਲਾ) ਉਸ ਵੇਲੇ ਦਖਣੀ ਏਸ਼ੀਆ ਦਾ ਸਭ ਤੋਂ ਵੱਡਾ ਟਾਂਡਾ ਸੀ। ਨਾਇਕ ਬੰਨਾ ਮੁਜ਼ਫ਼ਰਾਬਾਦ ਤੋਂ 28 ਕਿਲੋਮੀਟਰ ਦੂਰ ਖਾਂਡਾ ਨਗਰ ਦਾ ਰਹਿਣ ਵਾਲਾ ਸੀ। ਨਾਇਕ ਬੰਨਾ ਦੇ ਟਾਂਡੇ ਵਿਚ ਤਕਰੀਬਨ ਇਕ ਹਜ਼ਾਰ ਘੋੜੇ, ਉਠ, ਖੱਚਰ, ਬਲਦ ਤੇ ਹਾਥੀ ਸਨ, ਇਸ ਕਰ ਕੇ ਇਸ ਵੱਡੇ ਟਾਂਡੇ ਕਾਰਨ ਖਾਂਡਾ ਪਿੰਡ ਨੂੰ 'ਮੋਟਾ ਟਾਂਡਾ' ਵੀ ਕਿਹਾ ਕਰਦੇ ਸਨ। ਦਰਅਸਲ ਖਾਂਡਾ ਦਾ ਨਾਂ ਵੀ ਇਨ੍ਹਾਂ ਦੇ ਟਾਂਡੇ ਕਾਰਨ ਹੀ ਬੱਝਿਆ ਸੀ। ਇਕ ਟਾਂਡੇ ਵਿਚ 10 ਖਾਂਡੂ ਹੁੰਦੇ ਹਨ ਤੇ ਹਰ ਖਾਂਡੂ ਵਿਚ 100 ਪਸ਼ੂ ਹੋਇਆ ਕਰਦੇ ਸਨ। 10 ਖਾਂਡੂ ਹੋਣ ਕਰ ਕੇ ਨਾਇਕ ਬਹੋੜੂ ਦੇ ਪੁੱਤਰ ਬੰਨੇ ਦਾ ਪਿੰਡ ਵੀ ਖਾਂਡੂ ਤੇ ਫਿਰ ਖਾਂਡਾ ਅਖਵਾਉਣ ਲਗ ਪਿਆ ਸੀ।

ਨਾਇਕ ਬੰਨਾ ਨੇ ਕਸ਼ਮੀਰ ਵਿਚ ਸਿੱਖੀ ਦੇ ਪ੍ਰਚਾਰ ਵਿਚ ਬੜਾ ਵੱਡਾ ਰੋਲ ਅਦਾ ਕੀਤਾ। ਆਪ ਨੇ ਇਹ ਪ੍ਰਚਾਰ ਸਿਰਫ਼ ਆਪਣੇ ਇਲਾਕੇ ਵਿਚ ਹੀ ਨਹੀਂ ਕੀਤਾ ਬਲਕਿ ਹਰ ਉਸ ਜਗ੍ਹਾ, ਜਿੱਥੇ ਵੀ ਉਹ ਵਣਜ-ਵਪਾਰ ਦੇ ਸਿਲਸਿਲੇ ਵਿਚ ਗਏ, ਉੱਥੇ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦਾ ਪੈਗ਼ਾਮ ਪਹੁੰਚਾਇਆ। ਭਾਈ ਬੰਨਾ ਦਾ ਕਾਫ਼ਲਾ ਯਾਰਕੰਦ, ਅਫ਼ਗਾਨਿਸਤਾਨ, ਕਸ਼ਮੀਰ, ਰਾਜਪੂਤਾਨਾ,

ਗੁਜਰਾਤ ਹੀ ਨਹੀਂ ਬਲਕਿ ਦੱਖਣ ਵਿਚ ਸ੍ਰੀਲੰਕਾ ਤਕ ਵੀ ਜਾਇਆ ਕਰਦਾ ਸੀ। ਇਨ੍ਹਾਂ ਵਿਚੋਂ ਕਈ ਜਗਹ ਤੇ ਗੁਰੂ ਨਾਨਕ ਸਾਹਿਬ ਪਹਿਲਾਂ ਜਾ ਚੁਕੇ ਸਨ। ਇਸ ਕਰ ਕੇ ਉਸ ਇਲਾਕੇ ਦੀ ਸੰਗਤ ਵਿਚ ਭਾਈ ਬੰਨਾ ਹਾਜ਼ਿਰ ਹੋਇਆ ਕਰਦੇ ਸਨ। ਪਰ ਜਿੱਥੇ ਅਜੇ ਗੁਰੂ ਨਾਨਕ ਸਾਹਿਬ ਨਹੀਂ ਸਨ ਗਏ ਉੱਥੇ ਭਾਈ ਬੰਨਾ ਨੇ ਗੁਰੂ ਨਾਨਕ ਸਾਹਿਬ ਦੀ ਸਿੱਖਿਆ ਦਾ ਪ੍ਰਚਾਰ ਕੀਤਾ।

ਜਦੋਂ ਗੁਰੂ ਨਾਨਕ ਸਾਹਿਬ ਰਾਵੀ ਦਰਿਆ ਦੇ ਕੰਢੇ ਕਰਤਾਰਪੁਰ ਵਸਾ ਕੇ ਰਹਿਣ ਲਗ ਪਏ ਤਾਂ ਨਾਇਕ ਬੰਨਾ ਅਕਸਰ ਉਨ੍ਹਾਂ ਦੇ ਦਰਸ਼ਨਾਂ ਨੂੰ ਜਾਇਆ ਕਰਦਾ ਸੀ ਤੇ ਲੰਗਰ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ ਕਰਦਾ ਸੀ। ਵੱਖ-ਵੱਖ ਇਲਾਕਿਆਂ ’ਚੋਂ ਲਿਆਂਦੇ ਫਲਾਂ ਤੇ ਮੇਵਿਆਂ ਨੂੰ ਉਹ ਗੁਰੂ ਸਾਹਿਬ ਦੀ ਭੇਟਾ ਕਰਿਆ ਕਰਦਾ ਸੀ। ਗੁਰੂ ਅੰਗਦ ਸਾਹਿਬ ਵੇਲੇ ਉਹ ਖਡੂਰ ਵੀ ਜਾਂਦਾ ਰਿਹਾ ਸੀ। ਹੁਣ ਨਾਇਕ ਬੰਨਾ ਦੇ ਨਾਲ ਉਸ ਦਾ ਬੇਟਾ ਅਰਥਾ ਵੀ ਜਾਣ ਲਗ ਪਿਆ ਸੀ। ਨਾਇਕ ਬੰਨਾ ਅਤੇ ਅਰਥਾ ਜਦੋਂ ਵੀ ਦੱਖਣ ਵਲ ਜਾਂਦੇ ਸਨ ਤਾਂ ਉਹ ਗੋਇੰਦਵਾਲ ਤੋਂ ਬਿਆਸ ਦਰਿਆ ਦਾ ਪੱਤਣ ਪਾਰ ਕਰਿਆ ਕਰਦੇ ਸਨ। ਖਡੂਰ ਗੋਇੰਦਵਾਲ ਤੋਂ ਸਿਰਫ਼ 4-5 ਕਿਲੋਮੀਟਰ ਦੂਰ ਸੀ, ਇਸ ਕਰ ਕੇ ਉਹ ਦਰਿਆ ਪਾਰ ਕਰਨ ਤੋਂ ਪਹਿਲਾਂ ਵੀ ਅਤੇ ਵਾਪਸੀ ’ਤੇ ਵੀ ਹਮੇਸ਼ਾ ਖਡੂਰ ਸਾਹਿਬ ਜਾਇਆ ਕਰਦੇ ਸਨ। ਉਨ੍ਹਾਂ ਦਾ ਇਹ ਸਿਲਸਿਲਾ ਗੁਰੂ ਅਮਰ ਦਾਸ ਸਾਹਿਬ ਵੇਲੇ ਵੀ ਜਾਰੀ ਰਿਹਾ।

ਜਦੋਂ ਚੌਥੇ ਗੁਰੂ ਗੁਰੂ ਰਾਮ ਦਾਸ ਜੀ ਨੇ ‘ਗੁਰੂ ਦਾ ਚੱਕ’ (ਅੰਮ੍ਰਿਤਸਰ) ਵਸਾਇਆ ਤਾਂ ਨਾਇਕ ਬੰਨਾ ਚੜ੍ਹਾਈ ਕਰ ਚੁਕੇ ਸਨ। ਹੁਣ ਉਨ੍ਹਾਂ ਦੀ ਥਾਂ ’ਤੇ ਨਾਇਕ ਅਰਥਾ ‘ਗੁਰੂ ਦਾ ਚੱਕ’ ਆਉਂਦਾ ਰਹਿੰਦਾ ਸੀ। ਇਸ ਵੇਲੇ ਤਕ ਉਨ੍ਹਾਂ ਦਾ ਵਣਜ ਬੜਾ ਫੈਲ ਚੁਕਾ ਸੀ। ਉਹ ਯਾਰਕੰਦ ਤੋਂ ਦੱਖਣ (ਸਮੁੰਦਰ) ਤਕ ਵਪਾਰ ਕਰਦਾ ਰਹਿੰਦਾ ਸੀ। ਉਹ ਦੱਖਣ ਵਿਚ ਮੇਵੇ ਅਤੇ ਲੂਣ ਲਿਜਾਇਆ ਕਰਦੇ ਸਨ ਅਤੇ ਦੱਖਣ ਤੋਂ ਮਸਾਲੇ, ਮੇਵੇ ਤੇ ਕਪੜਾ ਲਿਜਾਇਆ ਕਰਦੇ ਸਨ। ਇੰਞ ਹੀ ਉਹ ਇਰਾਨ ਤੋਂ ਮੇਵੇ ਤੇ ਯਾਰਕੰਦ ਤੋਂ ਰੇਸ਼ਮੀ ਕਪੜਾ ਵੀ ਲਿਆਇਆ ਕਰਦੇ ਸਨ। ਨਾਇਕ ਅਰਥਾ ਗੋਇੰਦਵਾਲ ਤੋਂ ਪੱਤਣ ਪਾਰ ਕਰ ਕੇ ਗੁਰੂ ਦਾ ਚਕ ਆ ਕੇ ਗੁਰੂ ਸਾਹਿਬ ਨੂੰ ਹੋਰ ਸਾਮਾਨ ਦੇ ਨਾਲ-ਨਾਲ ਸੋਨੇ ਦੀਆਂ 100 ਮੁਹਰਾਂ ਵੀ ਭੇਟਾ ਕਰਿਆ ਕਰਦੇ ਸਨ। ਨਾਇਕ ਅਰਥਾ ਅਤੇ ਉਸ ਦੇ ਬੇਟੇ ਦਾਸਾ ਨੇ ‘ਗੁਰੂ ਦਾ ਚਕ’ ਨਗਰ ਦਾ ਸਰੋਵਰ ਬਣਾਉਣ ਦੀ ਕਾਰ ਸੇਵਾ ਵਿਚ ਵੀ ਹਿੱਸਾ ਪਾਇਆ ਅਤੇ ਮਗਰੋਂ ਦਰਬਾਰ ਸਾਹਿਬ ਦੀ ਉਸਾਰੀ ਵਿਚ ਵੀ ਅਹਿਮ ਰੋਲ ਅਦਾ ਕੀਤਾ।

ਛੇਵੇਂ ਤੇ ਸਤਵੇਂ ਗੁਰੂ ਸਾਹਿਬ ਦਾ ਖਾਂਡਾ ਦਾ ਦੌਰਾ

ਅਪ੍ਰੈਲ 1620 ਵਿਚ ਗੁਰੂ ਹਰਿਗੋਬਿੰਦ ਸਾਹਿਬ ਬਾਦਸ਼ਾਹ ਜਹਾਂਗੀਰ ਨਾਲ ਕਸ਼ਮੀਰ ਦੇ ਦੌਰੇ 'ਤੇ ਆਏ। 10 ਅਪ੍ਰੈਲ 1620 ਦੇ ਦਿਨ ਗੁਰੂ ਸਾਹਿਬ ਬਾਰਾਮੂਲਾ ਪੁੱਜੇ ਸਨ। ਆਪ ਬਾਰਾਮੂਲਾ ਤੋਂ 12 ਕਿਲੋਮੀਟਰ ਦੂਰ ਪਿੰਡ ਪੀਰਨੀਆਂ ਵੀ ਠਹਿਰੇ ਸਨ। ਇੱਥੋਂ ਆਪ 30-32 ਕਿਲੋਮੀਟਰ ਦੂਰ ਪ੍ਰਾਣ ਪੀਲਾ ਉੜੀ ਪਿੰਡ ਪੁਜੇ ਤੇ ਫਿਰ ਏਨੀ ਦੂਰੀ 'ਤੇ ਰੈਮਟ ਪਿੰਡ ਗਏ। ਇਸ ਮਗਰੋਂ ਆਪ 10 ਕਿਲੋਮੀਟਰ ਦੂਰ ਕਰਾਈ ਨਗਰ ਗਏ (ਹੁਣ ਇਹ ਪਾਕਿਸਤਾਨ ਦੇ ਕਬਜ਼ੇ ਵਿਚ ਹੈ) ਇਥੋਂ 16 ਕਿਲੋਮੀਟਰ ਦੂਰ ਖਾਂਡਾ ਪਿੰਡ ਹੈ। ਖਾਂਡਾ ਤੋਂ ਨਲੂਛੀ ਸਿਰਫ਼ 30 ਕਿਲੋਮੀਟਰ ਦੂਰ ਹੈ। ਖਾਂਡਾ ਨੂੰ 'ਖਾਂਡਾ ਲੁਬਾਣਾ' ਵੀ ਕਹਿੰਦੇ ਹਨ ਤੇ 'ਖਾਂਡਾ ਮੱਖਣ ਸ਼ਾਹ' ਵੀ। ਉਦੋਂ ਇਸ ਪਿੰਡ ਵਿਚ ਸਿਰਫ਼ ਪੇਲੀਆ ਲੁਬਾਣੇ ਹੀ ਰਹਿੰਦੇ ਸਨ। ਇਹ ਕਸਬਾ ਮੁਜ਼ਫਰਾਬਾਦ ਤੋਂ 28-29 ਕਿਲੋਮੀਟਰ ਪੂਰਬ ਵਲ ਹੈ ਅਤੇ ਦਰਿਆ ਜਿਹਲਮ ਦੇ ਸੱਜੇ ਕੰਢੇ ਤੋਂ ਸਿਰਫ਼ 250 ਗਜ਼ ਦੂਰ ਹੈ। (ਹੁਣ ਖਾਂਡਾ ਪਿੰਡ ਪਾਕਿਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰ ਵਿਚ ਹੈ)।

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਖਾਂਡਾ ਵਿਚ ਗਏ ਤਾਂ ਨਾਇਕ ਅਰਥਾ ਦੀ ਉਮਰ ਬਹੁਤ ਵਡੇਰੀ ਹੋ ਚੁਕੀ ਸੀ ਤੇ ਉਨ੍ਹਾਂ ਦੇ ਬੇਟੇ ਦਾਸਾ ਤੇ ਪੋਤਾ ਮੱਖਣ ਸ਼ਾਹ (ਜੋ ਅਜੇ ਨਿੱਕਾ ਜਿਹਾ ਸੀ) ਨੇ ਗੁਰੂ ਸਾਹਿਬ ਤਹਿ-ਦਿਲੋਂ ਸੇਵਾ ਕੀਤੀ। ਗੁਰੂ ਹਰਿਗੋਬਿੰਦ ਸਾਹਿਬ ਕਈ ਦਿਨ ਪਿੰਡ ਖਾਂਡਾ ਵਿਚ ਨਾਇਕ ਦਾਸਾ ਤੇ ਮੱਖਣ ਸ਼ਾਹ ਦੇ ਘਰ ਵਿਚ ਰਹੇ ਅਤੇ ਦੀਵਾਨ ਸਜਾਂਦੇ ਰਹੇ। ਇਸ ਦੌਰਾਨ ਸਾਰਾ ਇਲਾਕਾ ਸਿੱਖੀ ਵਿਚ ਸ਼ਾਮਲ ਹੋ ਗਿਆ (ਮਗਰੋਂ ਬਹੁਤ ਸਾਰੇ ਕਸ਼ਮੀਰੀ ਰਾਜਪੂਤ ਅਤੇ ਬ੍ਰਾਹਮਣ ਨੌਜਵਾਨ ਗੁਰੂ ਸਾਹਿਬ ਦੀ ਫ਼ੌਜ ਵਿਚ ਭਰਤੀ ਹੋਣ ਵਾਸਤੇ ਗੁਰੂ ਦਾ ਚੱਕ ਗਏ)।

ਨਾਇਕ ਦਾਸਾ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਬੇਨਤੀ ਕੀਤੀ ਕਿ ਉਹ ਆਪਣਾ ਹੈੱਡਕੁਆਟਰ ਖਾਂਡਾ ਪਿੰਡ ਵਿਚ ਹੀ ਬਣਾ ਲੈਣ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਦਸਿਆ ਕਿ ਸਾਰੀਆਂ ਸੰਗਤਾਂ ਵਾਸਤੇ ਕਸ਼ਮੀਰ ਪਹੁੰਚਣਾ ਮੁਸ਼ਕਿਲ ਹੋ ਜਾਵੇਗਾ। ਉਂਜ ਮੈਂ ਫੇਰ ਵੀ ਕਸ਼ਮੀਰ ਆਉਂਦਾ ਰਹਾਂਗਾ। ਨਾਇਕ ਦਾਸਾ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਇਕ ਆਲੀਸ਼ਾਨ ਮੰਜੀ ਸਾਹਿਬ ਬਣਾਇਆ ਜੋ ਮਗਰੋਂ ਇਕ ਵੱਡਾ ਗੁਰਦੁਆਰਾ ਬਣ ਗਿਆ। 1947 ਤਕ ਹਜ਼ਾਰਾਂ ਲੁਬਾਣਾ ਪਰਿਵਾਰ ਅਤੇ ਹੋਰ ਸਿੱਖ ਸੰਗਤਾਂ ਖਾਂਡਾ ਵਿਚ ਆਉਂਦੀਆਂ ਜਾਂਦੀਆਂ ਰਹਿੰਦੀਆਂ ਸਨ। ਨਾਇਕ ਦਾਸਾ ਤੇ ਨੌਜਵਾਨ ਮੱਖਣ ਸ਼ਾਹ ਛੇਵੇਂ ਪਾਤਿਸ਼ਾਹ ਦੇ ਦਰਸ਼ਨਾਂ ਵਾਸਤੇ ਅਕਸਰ ਚੱਕ ਨਾਨਕੀ ਤੇ 1635 ਤੋਂ ਮਗਰੋਂ

ਕੀਰਤਪੁਰ ਜਾਂਦੇ ਰਹਿੰਦੇ ਸਨ। ਜਿਹਾ ਕਿ ਪਹਿਲਾਂ ਜ਼ਿਕਰ ਕੀਤਾ ਹੈ ਕਿ ਉਹ ਹਰ ਸਾਲ 100 ਮੁਹਰਾਂ ਗੁਰੂ ਸਾਹਿਬ ਨੂੰ ਭੇਟ ਕਰਦੇ ਰਹਿੰਦੇ ਸਨ।

1644 ਵਿਚ ਗੁਰੂ ਹਰਿਗੋਬਿੰਦ ਸਾਹਿਬ ਜੋਤੀ-ਜੋਤਿ ਸਮਾ ਗਏ ਅਤੇ ਗੁਰੂ ਹਰਿਰਾਇ ਸਾਹਿਬ ਨੂੰ ਗੁਰਗੱਦੀ ਸੌਂਪ ਗਏ। ਇਸ ਸਮੇਂ ਦੌਰਾਨ ਨਾਇਕ ਦਾਸਾ ਬਜ਼ੁਰਗ ਹੋ ਚੁਕੇ ਸਨ ਪਰ ਨਾਇਕ ਮੱਖਣ ਸ਼ਾਹ ਕੀਰਤਪੁਰ ਆਉਂਦੇ ਰਹੇ ਅਤੇ ਹਰ ਸਾਲ ਦਸਵੰਧ ਭੇਟ ਕਰਦੇ ਰਹੇ।

28 ਮਾਰਚ 1660 ਦੇ ਦਿਨ ਗੁਰੂ ਹਰਿ ਰਾਇ ਸਾਹਿਬ ਸਿਆਲਕੋਟ ਪੁੱਜੇ। ਆਪ ਭਾਈ ਨੰਦ ਲਾਲ ਪੁਰੀ (ਦਾਦਾ ਵੀਰ ਹਕੀਕਤ ਸਿੰਘ ਸ਼ਹੀਦ) ਦੇ ਘਰ ਵਿਚ ਦੋ ਹਫ਼ਤੇ ਰਹੇ। ਇਨ੍ਹੀਂ ਦਿਨੀਂ ਨਾਇਕ ਮੱਖਣ ਸ਼ਾਹ ਦਾ ਟਾਂਡਾ ਆਪਣੇ ਵਪਾਰਕ ਦੌਰੇ ਮਗਰੋਂ ਵਾਪਿਸ ਖਾਂਡਾ ਨਗਰ ਜਾ ਰਿਹਾ ਸੀ) ਜਦ ਉਸ ਨੂੰ ਗੁਰੂ ਸਾਹਿਬ ਦੇ ਸਿਆਲਕੋਟ ਹੋਣ ਦਾ ਪਤਾ ਲਗਾ ਤਾਂ ਉਹ ਗੁਰੂ ਜੀ ਨੂੰ ਮਿਲਣ ਆਇਆ। ਉਹ ਵੀ ਇਕ ਦਿਨ ਵਾਸਤੇ ਭਾਈ ਨੰਦ ਲਾਲ ਦੇ ਘਰ ਰਿਹਾ ਤੇ ਗੁਰੂ ਜੀ ਦੀ ਸੰਗਤ ਕੀਤੀ। ਅਗਲੇ ਦਿਨ ਉਸ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਉਹ ਉਸ ਦੇ ਨਾਲ ਖਾਂਡਾ ਨਗਰ ਚੱਲਣ। ਗੁਰੂ ਜੀ ਨੇ ਉਸ ਦੀ ਅਰਜ਼ ਮੰਨ ਲਈ ਤੇ ਉਸ ਦੇ ਟਾਂਡੇ ਵਿਚ ਸ੍ਰੀਨਗਰ ਵਲ ਚਲ ਪਏ। ਇਹ ਕਾਫ਼ਲਾ 20 ਅਪ੍ਰੈਲ 1660 ਦੇ ਦਿਨ ਸ੍ਰੀਨਗਰ ਪੁੱਜਾ। ਗੁਰੂ ਜੀ ਦੇ ਨਾਲ ਹੋਰ ਵੀ ਬਹੁਤ ਸਾਰੇ ਸਿੱਖ ਵੀ ਸਨ। ਇਸ ਸਬੰਧੀ ਭੱਟ ਵਹੀ ਤਲਾਉਂਡਾ ਪਰਗਨਾ ਜੀਂਦ, ਵਿਚ ਇਵ ਲਿਖਿਆ ਮਿਲਦਾ ਹੈ :

ਗੁਰੂ ਹਰਿਰਾਇ ਜੀ ਮਹਲ ਸਤਮਾਂ ਬੇਟਾ ਬਾਬਾ ਗੁਰਦਿਤਾ ਜੀ ਦਾ, ਸੰਮਤ ਸਤਰਾਂ ਸੌ ਸਤਰਾ, ਕ੍ਰਿਸ਼ਨਾ ਪੱਖੇ ਜੇਠ ਦੀ ਪੰਚਮੀ ਦੇ ਦਿਹੁੰ ਸ੍ਰੀਨਗਰ ਆਏ, ਕਸ਼ਮੀਰ ਦੇਸ ਮੇਂ। ਗੈਲੇ ਮਖਣ ਸ਼ਾਹ ਆਇਆ ਬੇਟਾ ਦਾਸੇ ਦਾ, ਪੋਤਾ ਬੰਨੇ ਦਾ, ਨਾਤੇ ਬਹੋੜ ਕੇ, ਬੰਸ ਸਾਉਣ ਕੀ, ਪੇਲੀਆ ਗੋਤਰ ਬਨਜਾਰਾ। ....ਗੈਲੇ ਮਖੂ ਚੰਦ ਆਇਆ ਚੇਲਾ ਅਲਮਸਤ ਜੀ ਕਾ, ਪੋਤਾ ਚੇਲਾ ਗੁਰਦਿਤਾ ਜੀ ਦਾ, ਪੜਪੋਤਾ ਚੇਲਾ ਬਾਣਾ ਸ੍ਰੀਚੰਦ ਦਾ, ਨਾਦੀ ਬੰਸ ਗੁਰੂ ਨਾਨਕ ਜੀ ਕੀ, ਹੋਰ ਸਿੱਖ ਫਕੀਰ ਆਏ, ਮਖਣ ਸ਼ਾਹ ਕੇ ਟਾਂਡੇ ਮੇਂ। ਚਾਰ ਮਾਸ ਕਸ਼ਮੀਰ ਦੇਸ ਰਹੇ।"

ਇਨ੍ਹਾਂ ਦਿਨਾਂ ਵਿਚ ਆਪ ਸ੍ਰੀਨਗਰ, ਮਟਨ, ਮੁਜ਼ਫ਼ਰਾਬਾਦ, ਨਲੂਛੀ ਤੇ ਪੁਣਛ ਕਸਬਿਆਂ ਵਿਚ ਵੀ ਗਏ। ਪਰ ਆਪ ਬਹੁਤਾ ਸਮਾਂ ਖਾਂਡਾ ਨਗਰ ਵਿਚ ਹੀ ਰਹੇ। ਇਨ੍ਹਾਂ ਦਿਨਾਂ ਵਿਚ ਹੀ ਨਾਇਕ ਦਾਸਾ ਚੜ੍ਹਾਈ ਕਰ ਗਏ। ਭਾਈ ਦਾਸਾ ਦੀ ਦੇਹ ਨੂੰ ਗੁਰੂ ਜੀ ਨੇ ਆਪਣੇ ਹੱਥੀਂ ਅਗਨ ਭੇਟ ਕੀਤਾ। ਕੁਝ ਦਿਨ ਦੀਵਾਨ ਸਜਾਉਣ ਮਗਰੋਂ ਗੁਰੂ ਸਾਹਿਬ ਨੇ ਕੀਰਤਪੁਰ ਵਾਪਿਸ ਜਾਣ ਵਾਸਤੇ ਜੰਮੂ ਵਲ ਸਫ਼ਰ ਸ਼ੁਰੂ ਕੀਤਾ।

ਭਾਈ ਮੱਖਣ ਸ਼ਾਹ ਲੁਬਾਣਾ

1661 ਵਿਚ ਗੁਰੂ ਹਰਿ ਰਾਇ ਜਤਿ-ਜਤਿ ਸਮਾ ਗਏ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਗੁਰਗੱਦੀ ਸੌਂਪ ਗਏ। 1664 ਵਿਚ ਗੁਰੂ 'ਹਰਿਕ੍ਰਿਸ਼ਨ ਸਾਹਿਬ ਵੀ ਜੋਤੀ-ਜੋਤੀ ਸਮਾ ਗਏ। ਇਨ੍ਹਾਂ ਚਾਰ ਸਾਲਾਂ ਵਿਚ ਭਾਈ ਮੱਖਣ ਸ਼ਾਹ ਲੁਬਾਣਾ ਕੀਰਤਪੁਰ ਨਾ ਜਾ ਸਕੇ ਤੇ ਆਪਣਾ ਦਸਵੰਧ ਰਿਸ਼ਤੇਦਾਰਾਂ ਹੱਥੀਂ ਭੇਜਦੇ ਰਹੇ। 1664 ਵਿਚ ਜਦੋਂ ਉਹ ਆਪਣੀ ਆਪਣੀ ਸੌ ਮੁਹਰਾਂ ਦੀ ਭੇਟ ਆਪਣੇ ਹੱਥੀਂ ਦੇਣ ਵਾਸਤੇ ਕੀਰਤਪੁਰ ਨੂੰ ਚਲੇ ਤਾਂ ਉਨ੍ਹਾਂ ਨੂੰ ਖ਼ਬਰ ਮਿਲ ਗਈ ਕਿ ਗੁਰੂ ਹਰਕ੍ਰਿਸ਼ਨ ਸਾਹਿਬ ਜੋਤੀ-ਜੋਤਿ ਸਮਾਉਣ ਵੇਲੇ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਗੁਰਗੱਦੀ ਸੌਂਪ ਗਏ ਸਨ ਤੇ ਉਹ ਬਕਾਲਾ ਵਿਚ ਰਹਿ ਰਹੇ ਹਨ। ਇਹ ਸੁਣ ਕੇ ਭਾਈ ਮੱਖਣ ਸ਼ਾਹ ਬਕਾਲਾ ਨੂੰ ਚਲ ਪਏ।

ਜਦ ਉਹ ਬਕਾਲਾ ਪੁੱਜੇ ਤਾਂ ਪਿੰਡ ਵੜਦਿਆਂ ਹੀ ਉਨ੍ਹਾਂ ਨੂੰ ਮਸੰਦਾਂ ਨੇ ਘੇਰ ਲਿਆ। ਉਹ ਉਨ੍ਹਾਂ ਨੂੰ ਧੀਰ ਮੱਲ ਕੋਲ ਲੈ ਗਏ। ਧੀਰ ਮੱਲ ਕਦੋਂ ਦਾ ਗੁਰੂ ਘਰ ਤੋਂ ਦੂਰ ਹੋ ਚੁਕਾ ਸੀ ਇਸ ਕਰ ਕੇ ਉਹ ਖਾਂਡਾ ਨਗਰ ਦੇ ਲੁਬਾਣਾ ਪਰਿਵਾਰਾਂ ਨੂੰ ਨਹੀਂ ਸੀ ਜਾਣਦਾ। ਮੱਖਣ ਸ਼ਾਹ ਨੂੰ ਵੀ ਧੀਰ ਮਲ ਦਾ ਪਤਾ ਨਹੀਂ ਸੀ। ਉਸ ਨੇ ਮੱਖਣ ਸ਼ਾਹ ਨੂੰ (ਗੁਰੂ) ਗ੍ਰੰਥ ਸਾਹਿਬ ਦੀ ਬੀੜ ਦੇ ਦਰਸ਼ਨ ਕਰਵਾਏ। ਭਾਈ ਮੱਖਣ ਸ਼ਾਹ ਨੇ ਭਾਈ ਗੁਰਦਾਸ ਵਾਲੀ ਬੀੜ ਦੇ ਅੱਗੇ 5 ਮੁਹਰਾਂ ਭੇਟਾ ਕੀਤੀਆਂ ਤੇ ਉਸ ਦੀ ਘਰਵਾਲੀ ਸੋਲਜ਼ਈ ਤੇ ਤਿੰਨਾਂ ਪੁਤਰਾਂ ਚੰਦੂ ਲਾਲ, ਲਾਲ ਚੰਦ ਤੇ ਕੁਸ਼ਾਲ ਚੰਦ ਨੇ ਦੋ-ਦੋ ਮੁਹਰਾਂ ਭੇਟਾ ਕੀਤੀਆਂ। ਧੀਰ ਮੱਲ ਨੇ ਇਹ 13 ਮੁਹਰਾਂ ਚੁਕ ਕੇ ਜੇਬ੍ਹ ਵਿਚ ਪਾ ਲਈਆਂ ਤੇ 'ਅਸ਼ੀਰਵਾਦ' ਦੇ ਕੇ ਵਿਦਾ ਕੀਤਾ।

ਉਸ ਦੇ ਡੇਰੇ ਚੋਂ ਬਾਹਰ ਨਿਕਲ ਕੇ ਮੱਖਣ ਸ਼ਾਹ ਨੇ ਮਹਿਸੂਸ ਕੀਤਾ ਕਿ

ਇਹ ਨੌਵੇਂ ਗੁਰੂ ਨਹੀਂ ਹੋ ਸਕਦੇ ਕਿਉਂ ਕਿ ਉਨ੍ਹਾਂ ਨੂੰ ਤਾਂ ਪਤਾ ਹੋਣਾ ਸੀ ਕਿ ਸਾਡਾ ਪਰਿਵਾਰ ਹਰ ਸਾਲ ਸੌ ਮੁਹਰਾਂ ਭੇਟ ਕਰਿਆ ਕਰਦਾ ਹੈ। ਇਸ ਮੌਕੇ ਤੇ ਕਿਸੇ ਸਿੱਖ ਨੇ ਉਨ੍ਹਾਂ ਨੂੰ ਕਿਹਾ ਕਿ ਨੌਵੇਂ ਗੁਰੂ ਤਾਂ ਇਕ ਨਿੱਕੇ ਜਿਹੇ ਘਰ ਦੇ ਤਹਿਖਾਨੇ (ਭੋਰੇ) ਵਿਚ ਰਹਿੰਦੇ ਹਨ। ਮੱਖਣ ਸ਼ਾਹ ਨੇ ਸੋਚਿਆ ਕਿ ਸ਼ਾਇਦ ਇਹ ਵੀ ਧੀਰ ਮਲ ਵਾਂਗ ਹੀ ਕੋਈ ਹੋਰ ਨਕਲੀ ਗੁਰੂ ਹੋਵੇਗਾ। ਇਸ ਦੇ ਬਾਵਜੂਦ ਉਹ ਉਸ ਤਹਿਖਾਨੇ ਵਲ ਚਲੇ ਗਏ। ਬਾਕੀ ਸਾਥੀਆਂ ਨੂੰ ਬਾਹਰ ਖੜ੍ਹਾ ਕਰ ਕੇ ਉਹ ਆਪ ਉਸ ਤਹਿਖ਼ਾਨੇ ਵੱਲ ਗਏ। ਉੱਥੇ ਪੁਜ ਕੇ ਮੱਖਣ ਸ਼ਾਹ ਨੇ ਫਿਰ 5 ਮੁਹਰਾਂ ਭੇਟ ਕੀਤੀਆਂ। ਗੁਰੂ ਤੇਗ ਬਹਾਦਰ ਸਾਹਿਬ ਮੁਸਕੁਰਾਏ ਤੇ ਕਿਹਾ ਕਿ ਭਾਈ ਤੇਰਾ ਪਰਿਵਾਰ ਤਾਂ ਹਰ ਸਾਲ ਸੌ ਮੁਹਰਾਂ ਦਾ ਦਸਵੰਧ ਭੇਟ ਕਰਿਆ ਕਰਦਾ ਹੈ। ਇਹ ਸੁਣ ਕੇ ਮੱਖਣ ਸ਼ਾਹ ਨੇ ਆਪਣੀ ਘਰਵਾਲੀ ਤੋਂ ਥੈਲੀ ਫੜੀ ਤੇ ਸਾਰੀਆਂ ਮੁਹਰਾਂ ਗੁਰੂ ਜੀ ਅਗੇ ਰੱਖ ਦਿਤੀਆਂ ਤੇ ਨਾਲ ਹੀ ਬਾਹਰ ਨਿਕਲ ਕੇ ਆਪਣੇ ਟਾਂਡੇ ਦੇ ਬਾਕੀ ਸਾਥੀਆਂ ਨੂੰ ਆਵਾਜ਼ਾਂ ਮਾਰਨ ਲਗ ਪਿਆ 'ਗੁਰ ਲਾਧੋ ਰੇ! ਗੁਰ ਲਾਧੋ ਰੇ!' ਇਹ ਸੁਣ ਕੇ ਸਾਰੇ ਉਧਰ ਦੌੜੇ ਆਏ। ਇਹ ਘਟਨਾ 9 ਅਕਤੂਬਰ 1664 ਦੀ ਹੈ। ਮਗਰੋਂ ਲੁਬਾਣਾ ਪਰਿਵਾਰਾਂ ਨੇ ਹਰ 9 ਅਕਤੂਬਰ ਨੂੰ **'ਗੁਰ ਲਾਧੋ ਰੇ'** ਦਿਨ ਵਜੋਂ ਮਨਾਉਣਾ ਸ਼ੁਰੂ ਕਰ ਦਿਤਾ। ਇਸ ਸਬੰਧੀ ਇਕ ਇੰਦਰਾਜ ਭੱਟ ਵਹੀ ਤੋਮਰ ਬਿੰਜਲਉਤੋਂ ਦੀ ਵਿਚ ਇਵ ਮਿਲਦਾ ਹੈ :



"ਮਖਣ ਸ਼ਾਹ ਬੇਟਾ ਦਾਸੇ ਕਾ, ਪੋਤਾ ਅਰਥੇ ਕਾ, ਪੜਪੋਤਾ ਬਿੰਨੇ ਕਾ, ਬੰਸ ਬਹੜੂ ਸ਼ਾਹ ਕੀ। ਲਾਲ ਚੰਦ ਮੱਖਣ ਸ਼ਾਹ ਕਾ, ਚੰਦੂ ਲਾਲ ਮਖਣ ਸ਼ਾਹ ਕਾ ਕੁਸ਼ਾਲਚੰਦ ਮਖਣ ਸ਼ਾਹ ਕਾ, ਸੇਲਜਈ ਇਸਤਰੀ ਮਖਣ ਸ਼ਾਹ ਜੀ, ਗੋਤਰ ਪੇਲੀਆ ਬਨਜਾਰਾ, ਵਾਸੀ ਮੋਟਾ ਟਾਂਡਾ, ਖਾਂਡਾ, ਪਰਗਨਾ ਮੁਜ਼ਫਰਾਬਾਦ, ਦੇਸ ਕਸ਼ਮੀਰ, ਸਾਲ ਸਤਰਾਂ ਸੈ ਇਕੀਸ ਦੀਵਾਲੀ ਤੇ ਸ਼ਨੀਵਾਰ ਦੇ ਦਿਹੁੰ ਬਕਾਲੇ ਨਗਰ ਆਇਆ। ਗੁਰੂ ਤੇਗ ਬਹਾਦਰ ਮਹਲ ਨਾਮੇਂ ਕੇ ਦਰਬਾਰ ਮੇਂ ਇਕ ਸੌ ਮੁਹਰੇਂ ਭੇਟਾ ਕੀ। ਗੈਲ ਧੂਮਾ ਬੇਟਾ ਨਾਇਕ ਕਾਨ੍ਹੇ ਬਿੰਜਲਉਂਤ ਕਾ ਆਇਆ।"

ਮਗਰੋਂ ਕਿਸੇ ਲਿਖਾਰੀ ਨੇ ਮੱਖਣ ਸ਼ਾਹ ਦਾ ਜਹਾਜ਼ ਡੁੱਬਣ ਵਾਲੀ ਕਹਾਣੀ ਘੜ ਕੇ

ਲਿਖ ਦਿੱਤੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੱਖਣ ਸ਼ਾਹ ਇਕ ਬਹੁਤ ਹੀ ਵੱਡਾ ਵਣਜਾਰਾ (ਵਪਾਰੀ) ਸੀ। ਉਸ ਦਾ ਵਪਾਰ ਯਾਰਕੰਦ ਤੋਂ ਸ੍ਰੀਲੰਕਾ ਤੱਕ ਸੀ ਪਰ ਜਹਾਜ਼ ਦਾ ਡੁੱਬਣ ਲਗਣਾ ਅਤੇ ਗੁਰੂ ਸਾਹਿਬ ਵੱਲੋਂ ਮੋਢਾ ਦੇ ਕੇ ਉਸ ਨੂੰ ਪਾਰ ਲਾਉਣ ਦੀ ਕਰਾਮਾਤ, ਜਿਹੜੀ ਮਗਰੋਂ ਘੜੀ ਗਈ ਸੀ, ਸਿੱਖ ਫ਼ਲਸਫ਼ੇ ਦੇ ਉਲਟ ਹੈ। ਮੱਖਣ ਸ਼ਾਹ ਤੇ ਉਸ ਦਾ ਪਰਵਾਰ ਗੁਰੂ ਸਾਹਿਬ ਦੇ ਮੁਖੀ ਸਿੱਖਾਂ ਵਿੱਚੋਂ ਸੀ।

ਭਾਈ ਮੱਖਣ ਸ਼ਾਹ ਲੁਬਾਣਾ ਕਈ ਦਿਨ ਬਕਾਲਾ ਵਿਚ ਰਿਹਾ। ਹੁਣ ਉਨ੍ਹਾਂ ਨੂੰ ਧੀਰ ਮੱਲ ਦੀ ਅਸਲੀਅਤ ਪਤਾ ਲਗ ਚੁਕੀ ਸੀ ਤੇ ਲੋਕ ਉਸ ਕੋਲ ਆਉਣੋਂ ਹਟ ਗਏ ਸਨ। ਇਸ ਕਰ ਕੇ ਉਸ ਦੀ ਆਮਦਨੀ ਘਟ ਗਈ। ਇਕ ਦਿਨ ਉਸ ਦੇ ਇਕ ਮਸੰਦ ਸ਼ੀਹਾਂ ਨੇ ਗੁਰੂ ਤੇਗ਼ ਬਹਾਦਰ ਸਾਹਿਬ 'ਤੇ ਗੋਲੀ ਚਲਾਈ। ਇਸੇ ਰਾਤ ਉਨ੍ਹਾਂ ਨੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਘਰ 'ਤੇ ਹਮਲਾ ਕਰ ਕੇ ਬਹੁਤ ਸਾਰਾ ਕੀਮਤੀ ਸਾਮਾਨ ਲੁੱਟ ਲਿਆ। ਉਸ ਦਿਨ ਮੱਖਣ ਸ਼ਾਹ ਬਕਾਲਾ ਵਿਚ ਨਹੀਂ ਸੀ। ਜਦੋਂ ਉਹ ਬਕਾਲੇ ਮੁੜਿਆ ਤਾਂ ਉਸ ਨੇ ਧੀਰ ਮਲ ਦੇ ਘਰ 'ਤੇ ਹਮਲਾ ਕਰ ਕੇ ਸਾਰਿਆਂ ਨੂੰ ਫੜ ਲਿਆ ਤੇ ਗੁਰੂ ਸਾਹਿਬ ਦਾ ਸਾਰਾ ਸਾਮਾਨ ਬਰਾਮਦ ਕਰ ਲਿਆ। ਭਾਈ ਮੱਖਣ ਸ਼ਾਹ ਨੇ ਸ਼ੀਹਾਂ ਨੂੰ ਸਖ਼ਤ ਸਜ਼ਾ ਦੇਣੀ ਚਾਹੀ ਪਰ ਗੁਰੂ ਸਾਹਿਬ ਦੇ ਹੁਕਮ ਨੂੰ ਮੰਨਦਿਆਂ ਉਸ ਨੂੰ ਮੁਆਫ਼ ਕਰ ਦਿਤਾ। ਭਾਈ ਮੱਖਣ ਸ਼ਾਹ ਤਾਂ ਧੀਰ ਮਲ ਕੋਲੋਂ ਭਾਈ ਗੁਰਦਾਸ ਦੇ ਹੱਥ ਦਾ ਲਿਖਿਆ (ਗੁਰੂ) ਗ੍ਰੰਥ ਸਾਹਿਬ ਵੀ ਲੈ ਆਇਆ ਸੀ, ਪਰ ਗੁਰੂ ਸਾਹਿਬ ਨੇ ਉਹ ਵੀ ਧੀਰ ਮਲ ਨੂੰ ਵਾਪਿਸ ਮੁੜਵਾ ਦਿੱਤਾ।

ਇਨ੍ਹੀਂ ਦਿਨੀਂ ਹੀ ਬਾਬਾ ਗੁਰਦਿਤਾ ਦੀ ਘਰਵਾਲੀ ਤੇ ਗੁਰੂ ਹਰਿ ਰਾਇ ਸਾਹਿਬ ਦੀ ਮਾਤਾ ਬਸੀ ਜੀ ਚੜ੍ਹਾਈ ਕਰ ਗਏ। ਉਨ੍ਹਾਂ ਦੀ ਯਾਦ ਵਿਚ ਹੋਣ ਵਾਲੇ ਇਕੱਠ ਵਿਚ ਹਿਸਾ ਲੈਣ ਵਾਸਤੇ ਗੁਰੂ ਤੇਗ਼ ਬਹਾਦਰ ਸਾਹਿਬ ਕੀਰਤਪੁਰ ਗਏ। ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਭਾਈ ਮੱਖਣ ਸ਼ਾਹ ਲੁਬਾਣਾ ਵੀ ਸੀ। ਆਪ ਤਿੰਨ ਦਿਨ ਕੀਰਤਪੁਰ ਵਿਚ ਰਹਿਣ ਮਗਰੋਂ ਵਾਪਿਸ ਬਕਾਲਾ ਆ ਗਏ।

22 ਨਵੰਬਰ 1664 ਦੇ ਦਿਨ ਗੁਰੂ ਤੇਗ਼ ਬਹਾਦਰ ਸਾਹਿਬ ਬਕਾਲਾ ਤੋਂ ਗੁਰੂ ਦਾ ਚੱਕ (ਅੰਮ੍ਰਿਤਸਰ) ਗਏ। ਇਸ ਵਾਰ ਵੀ ਭਾਈ ਮੱਖਣ ਸ਼ਾਹ ਆਪ ਦੇ ਨਾਲ ਹੀ ਸਨ। ਗੁਰੂ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਦੇ ਨੇੜੇ ਇਕ ਟਿੱਬੇ 'ਤੇ (ਹੁਣ ਥੜ੍ਹਾ ਸਾਹਿਬ) ਦੀਵਾਨ ਸਜਾਇਆ। ਇਸ ਮਗਰੋਂ ਗੁਰੂ ਸਾਹਿਬ ਭਾਈ ਮੱਖਣ ਸ਼ਾਹ ਨੂੰ ਨਾਲ ਲੈ ਕੇ ਵੱਲਾ, ਵੇਰਕਾ, ਘੁੱਕੇਵਾਲੀ, ਤਰਨਤਾਰਨ, ਖਡੂਰ ਅਤੇ ਗੋਇੰਦਵਾਲ ਧਰਮ ਪ੍ਰਚਾਰ ਵਾਸਤੇ ਗਏ। ਗੋਇੰਦਵਾਲ ਤੋਂ ਗੁਰੂ ਸਾਹਿਬ ਖੇਮਕਰਨ ਨੂੰ ਚਲੇ ਗਏ ਤੇ ਭਾਈ ਮੱਖਣ ਸ਼ਾਹ ਲੁਬਾਣਾ ਵਾਪਿਸ ਖਾਂਡਾ ਚਲਾ ਗਿਆ।

ਭਾਈ ਮੱਖਣ ਸ਼ਾਹ ਲੁਬਾਣਾ ਪਰਵਾਰ ਦੀ ਭਾਈ ਲੱਖੀ ਰਾਏ ਵਣਜਾਰਾ (ਮਾਲਕ ਪਿੰਡ ਰਾਇਸੀਨਾ, ਹੁਣ ਗੁਰਦੁਆਰਾ ਰਕਾਬ ਗੰਗ ਤੇ ਆਲਾ-ਦੁਆਲਾ) ਨਾਲ ਵੀ ਨਾਤੇਦਾਰੀ ਸੀ। ਲੁਬਾਣਾ ਪਰਵਾਰ ਦੇ ਭਾਈ ਕਾਨ੍ਹਾ ਦਾ

ਪੁਤਰ ਨਾਇਕ ਧੂਮਾ ਅਕਸਰ ਰਾਇਸੀਨਾ (ਹੁਣ ਰਕਾਬ ਗੰਜ) ਆਂਦਾ-ਜਾਂਦਾ ਰਹਿੰਦਾ ਸੀ। 11 ਨਵੰਬਰ 1675 ਦੇ ਦਿਨ ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਦਿੱਲੀ ਵਿਚ ਸ਼ਹੀਦ ਕੀਤਾ ਗਿਆ ਤਾਂ ਰਾਤ ਵੇਲੇ ਉਨ੍ਹਾਂ ਦਾ ਧੜ ਲਿਆਉਣ ਵੇਲੇ ਨਾਇਕ ਧੂਮਾਂ ਵੀ ਭਾਈ ਲੱਖੀ ਰਾਏ ਵਣਜਾਰਾ ਦੇ ਨਾਲ ਚਾਂਦਨੀ ਚੌਕ ਗਿਆ ਸੀ। ਇਸ ਸਬੰਧੀ ਭੱਟ ਵਹਿ ਜਾਦੋਬੰਸੀਆਂ ਦੀ, ਖਾਤਾ ਬੜਤੀਏ ਕਨਾਉਤੋਂ ਕਾ ਵਿਚ ਇੰਞ ਮਿਲਦਾ ਹੈ :

"ਲਖੀਆ ਬੇਟਾ ਗੋਧੂ ਕਾ, ਨਗਾਹੀਆ, ਹੇਮਾ, ਹਾੜੀ ਬੇਟੇ ਲਖੀਏ ਕੇ, ਜਾਦੋਬੰਸੀਏ ਬੜਤੀਏ ਕਨਾਉਂਤ, ਨਾਇਕ ਧੂੰਮਾਂ ਬੇਟਾ ਕਾਨ੍ਹੇ ਕਾ ਤੂੰਮਰ ਬਿੰਜਲਉਂਤ। ਗੁਰੂ ਤੇਗ਼ ਬਹਾਦਰ ਜੀ ਮਹਲ ਨਾਵਾਂ ਦੀ ਲਾਸ਼ ਉਠਾਇ ਲਾਏ, ਸਾਲ ਸਤਰਾਂ ਸੈ ਬਤੀਸ ਮੰਗਸਰ ਸੁਦੀ ਛਠ ਗੁਰੂਵਾਰ ਕੇ ਦਿਹੁੰ। ਦਾਗ ਦੀਆ ਰਸੀਨਾ ਗਾਮ ਰਹੇ ਆਨ ਘਰੀ ਰੈਨ ਰਹੀ।"

ਭਾਈ ਮੱਖਣ ਸ਼ਾਹ ਲੁਬਾਣਾ ਦਾ ਪਰਵਾਰ ਗੁਰੂ ਗੋਬਿੰਦ ਸਿੰਘ ਸਾਹਿਬ ਵੇਲੇ ਵੀ ਅਨੰਦਪੁਰ ਸਾਹਿਬ ਆਉਂਦਾ ਰਹਿੰਦਾ ਸੀ। ਭਾਈ ਮੱਖਣ ਸ਼ਾਹ ਦੇ ਤਿਨ ਪੁੱਤਰ ਸਨ: ਚੰਦੂ ਲਾਲ, ਲਾਲ ਚੰਦ ਤੇ ਕੁਸ਼ਾਲ ਚੰਦ। ਚੰਦੂ ਲਾਲ ਪਹਿਲਾਂ ਹੀ ਚੜ੍ਹਾਈ ਕਰ ਗਿਆ ਸੀ। ਲਾਲ ਚੰਦ ਤੇ ਕੁਸ਼ਾਲ ਚੰਦ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਖੰਡੇ ਦੀ ਪਾਹੁਲ ਲਈ ਅਤੇ ਲਾਲ ਸਿੰਘ ਤੇ ਕੁਸ਼ਾਲ ਸਿੰਘ ਸਜ ਗਏ। ਕੁਸ਼ਾਲ ਸਿੰਘ ਤਾਂ ਗੁਰੂ ਸਾਹਿਬ ਦੀ ਫੌਜ ਵਿਚ ਵੀ ਸ਼ਾਮਿਲ ਹੋ ਗਿਆ। ਉਸ ਨੂੰ ਅਨੰਦਪੁਰ ਸਾਹਿਬ ਦੇ ਸਭ ਤੋਂ ਤਗੜੇ ਕਿਲ੍ਹੇ ਲੋਹਗੜ੍ਹ ਵਿਚ ਤਾਇਨਾਤ ਕੀਤਾ ਗਿਆ ਸੀ।

29 ਅਗਸਤ 1700 ਦੇ ਦਿਨ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਅਨੰਦਪੁਰ ਸਾਹਿਬ 'ਤੇ ਹਮਲਾ ਕਰ ਦਿਤਾ। ਤਿਨ ਦਿਨ ਉਸ ਨੇ ਤਾਰਾਗੜ੍ਹ, ਅੰਗਮਗੜ੍ਹ ਤੇ ਫਤਹਿਗੜ੍ਹ ਕਿਲ੍ਹਿਆਂ 'ਤੇ ਹਮਲੇ ਕੀਤੇ ਤੇ ਹਾਰ ਖਾਧੀ। ਚੌਥੇ ਦਿਨ, ਯਾਨਿ ਪਹਿਲੀ ਸਤੰਬਰ 1700 ਦੇ ਦਿਨ ਉਸ ਨੇ ਇਕ ਹਾਥੀ ਨੂੰ ਸ਼ਰਾਬੀ ਕਰ ਕੇ ਲੋਹਗੜ੍ਹ ਦੇ ਕਿਲ੍ਹੇ ਦਾ ਦਰਵਾਜ਼ਾ ਤੋੜਨ ਵਾਸਤੇ ਭੇਜਿਆ। ਇਸ ਦਿਨ ਦੀ ਲੜਾਈ ਵਿਚ ਭਾਈ ਬਚਿਤਰ ਸਿੰਘ ਨੇ ਉਸ ਸ਼ਰਾਬੀ ਹਾਥੀ ਦਾ ਮੂੰਹ ਮੋੜ ਕੇ ਭਜਾ ਦਿਤਾ ਅਤੇ ਭਾਈ ਉਦੈ ਸਿੰਘ ਨੇ ਹਮਲਾਵਰ ਰਾਜੇ ਕੇਸਰੀ ਚੰਦ ਦਾ ਸਿਰ ਵੱਢ ਲਿਆ। ਇਸੇ ਮੌਕੇ 'ਤੇ ਸਿੱਖਾਂ ਤੇ ਪਹਾੜੀ ਫੌਜਾਂ ਵਿਚ ਜ਼ਬਰਦਸਤ ਲੜਾਈ ਹੋਈ ਜਿਸ ਵਿਚ ਸੈਂਕੜੇ ਪਹਾੜੀ ਫੌਜੀ ਤੇ ਕੁਝ ਸਿੱਖ ਮਾਰੇ ਗਏ। ਸ਼ਹੀਦ ਹੋਣ ਵਾਲੇ ਸਿੱਖਾਂ ਵਿਚ ਭਾਈ ਮੱਖਣ ਸ਼ਾਹ ਦਾ ਸਪੁੱਤਰ ਭਾਈ ਕੁਸ਼ਾਲ ਸਿੰਘ ਲੁਬਾਣਾ ਵੀ ਸ਼ਾਮਿਲ ਸਨ। ਇਸ ਸਬੰਧੀ ਇਕ ਇੰਦਰਾਜ "ਭੱਟ ਵਹੀ ਤਲਾਉਂਢਾ, ਪਰਗਨਾ ਜੀਂਦ, ਖਾਤਾ ਜਲਹਾਨੋਂ ਕਾ" ਵਿਚ ਇੰਞ ਮਿਲਦਾ ਹੈ :

"ਗੁਰੂ ਕਾ ਬਚਨ ਪਾਇ ਮਨੀ, ਸਿੰਘ ਬੇਟਾ ਮਾਈ ਦਾਸ ਦਾ ਪੋਤਾ ਬੱਲੂ ਰਾਇ ਕਾ... ਬਚਿਤਰ ਸਿੰਘ ਬੇਟਾ ਮਨੀ ਸਿੰਘ ਦਾ, ਉਦੈ ਸਿੰਘ ਬੇਟਾ ਮਨੀ ਸਿੰਘ ਕਾ... ਆਲਮ ਸਿੰਘ ਬੇਟਾ ਦੁਰਗਾ ਦਾਸ ਕਾ ਪੋਤਾ ਪਦਮੇ ਕਾ.... ਹਜਾਵਤ ਆਂਬਿਆਨਾ ...ਸਾਲ ਸਤਰਾਂ ਸੈ ਸਤਵੰਜਾ ਅਸੂਦ ਪ੍ਰਵਿਸ਼ਟੇ ਪਹਿਲੀ ਰਵਿਵਾਰ ਕੇ ਦਿਹੁੰ ਕਿਲ੍ਹਾ ਲੋਹਗੜ੍ਹ ਪਰਗਨਾ ਮਾਖੋਆਲ ਸੇ ਖਾਲਸਾ ਦਲ ਕੋ

ਗੈਲ ਲੈ ਚਰਨ ਗੰਗਾ ਨਦੀ ਕੇ ਮਲ੍ਹਾਨ ਸਾਮ੍ਹੇਂ ਮਾਥੇ ਘੋਰ ਜੁਧ ਕੀਆ। ਬਚਿੱਤਰ ਸਿੰਘ ਨੇ ਹਾਥੀ ਕੋ ਮਾਰ ਭਗਾਇਆ। ਉਦੈ ਸਿੰਘ ਕੇ ਹਾਥ ਸੇ ਕੇਸਰੀ ਚੰਦ ਜਸਵਾਰੀਆ ਮਾਰਾ ਗਿਆ। ਮਨੀ ਸਿੰਘ ਸਖਤ ਘਾਇਲ ਹੁਏ। ਆਲਮ ਸਿੰਘ ਬੇਟਾ ਦੁਰਗੂ ਕਾ, ਸੁੱਖਾ ਸਿੰਘ ਬੇਟਾ ਰਾਏ ਸਿੰਘ ਕਾ, ਪੋਤਾ ਮਾਈਦਾਸ ਕਾ, ਕੁਸ਼ਾਲ ਸਿਘ ਬੇਟਾ ਮੱਖਣ ਸ਼ਾਹ ਕਾ, ਪੋਤਾ ਦਾਸੇ ਕਾ, ਪੇਲੀਆ ਬਣਜਾਰਾ ਰਣ ਮੇਂ ਜੂਝ ਕਰ ਮਰੇ। ਆਗੇ ਗੁਰੂ ਭਾਣੇ ਕਾ ਖਾਵਿੰਦ, ਗੁਰੂ ਕੀ ਗਤਿ ਗੁਰੂ ਜਾਣੇ।"

ਇਨ੍ਹਾਂ ਸ਼ਹੀਦ ਹੋਏ ਸਿੱਖਾਂ ਦਾ ਸਸਕਾਰ ਗੁਰੂ ਸਾਹਿਬ ਨੇਂ ਆਪਣੇ ਹੱਥੀਂ ਕੀਤਾ। 5-6 ਦਸੰਬਰ 1705 ਦੀ ਰਾਤ ਨੂੰ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛਡ ਦਿਤਾ ਅਤੇ ਕੋਟਲਾ ਨਿਹੰਗ ਖ਼ਾਨ, ਚਮਕੌਰ, ਮਾਛੀਵਾੜਾ ਤੇ ਦੀਨਾ-ਕਾਂਗੜ ਹੁੰਦੇ ਹੋਏ ਤਲਵੰਡੀ ਸਾਬੋ ਵਲ ਚਲ ਪਏ। ਰਸਤੇ ਵਿਚ ਉਨ੍ਹਾਂ ਦੇ ਚਾਲ੍ਹੀ ਸਾਥੀਆਂ (ਮੁਕਤਿਆਂ) ਨੇ ਖਿਦਰਾਨੇ ਦੀ ਢਾਬ ਵਿਚ ਮੁਗ਼ਲ ਫ਼ੌਜਾਂ ਨਾਲ ਜੰਗ ਕਰ ਕੇ ਸ਼ਹੀਦੀਆਂ ਪਾਈਆਂ। ਖਿਦਰਾਨੇ ਦੀ ਢਾਬ ਤੋਂ ਗੁਰੂ ਸਾਹਿਬ ਰੁਪਾਣਾ, ਭੂੰਦੜ ਤੇ ਗਿੱਦੜਬਾਹਾ ਹੁੰਦੇ ਹੋਏ ਜੱਸੀ ਪੁੱਜੇ 'ਤੇ ਇਸੇ ਪਿੰਡ ਵਿਚ ਠਹਿਰੇ। ਅਗਲੇ ਦਿਨ 5 ਜਨਵਰੀ 1706 ਦੇ ਦਿਨ ਗੁਰੂ ਸਾਹਿਬ ਨੇ ਦੀਵਾਨ ਸਜਾਇਆ। ਇਸ ਦੀਵਾਨ ਵਿਚ ਹਾਜ਼ਰੀ ਭਰਨ ਵਾਸਤੇ ਸਾਰੇ ਇਲਾਕੇ ਦੇ ਲੋਕ ਪੁੱਜੇ ਹੋਏ ਸਨ। ਇਸ ਮੌਕੇ 'ਤੇ ਭਾਈ ਲਾਲ ਸਿੰਘ ਲੁਬਾਣਾ (ਪੁੱਤਰ ਭਾਈ ਮੱਖਣ ਸ਼ਾਹ ਲੁਬਾਣਾ) ਵੀ ਗੁਰੂ ਸਾਹਿਬ ਨੂੰ ਢੂੰਢਦਾ ਉੱਥੇ ਆ ਪੁੱਜਾ। ਲਾਲ ਸਿੰਘ ਨੇ ਉਸ ਦਿਨ ਦੇ ਲੰਗਰ ਵਿਚ 3 ਮਣ ਗੁੜ ਭੇਟਾ ਕੀਤਾ। ਲਾਲ ਸਿੰਘ ਉਸ ਵੇਲੇ 30 ਮਣ ਗੁੜ ਅਤੇ ਕਈ ਮਣ ਹੋਰ ਸਾਮਾਨ ਲੈ ਕੇ ਖਾਂਡੇ ਨੂੰ ਪਰਤ ਰਿਹਾ ਸੀ, ਜਿਸ ਦਾ ਦਸਵੰਧ ਉਸ ਨੇ ਗੁਰੂ ਦੇ ਲੰਗਰ ਵਿਚ ਭੇਟ ਕਰ ਦਿਤਾ।

1709 ਵਿੱਚ ਜਦੋਂ ਬਾਬਾ ਸਿੰਘ ਬਹਾਦਰ ਨੰਦੇੜ ਤੋਂ ਖਰਖੋਧਾ ਪੁੱਜਾ ਤਾਂ ਉਸ ਨੇ ਖਾਂਡਾ ਲੁਬਾਣਾ ਵਿਚ ਵੀ ਆਪਣਾ ਪੈਗ਼ਾਮ ਭੇਜਿਆ। ਭਾਈ ਮੱਖਣ ਸ਼ਾਹ ਦੇ ਪਰਿਵਾਰ ਵਿਚੋਂ ਤੇ ਖਾਂਡਾ ਕਸਬੇ ਦੇ ਕਈ ਹੋਰ ਨੌਜਵਾਨ ਬੰਦਾ ਸਿੰਘ ਦੀ ਫੌਜ ਵਿਚ ਸ਼ਾਮਿਲ ਹੋਏ ਅਤੇ ਸਿੱਖ ਹੋਮਲੈਂਡ ਦੀ ਆਜ਼ਾਦੀ ਦੀ ਜਦੋਜਹਿਦ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਸਿੱਖ ਮਿਸਲਾਂ ਦੀ ਹਕੂਮਤ ਤੋਂ ਬਾਅਦ ਵੀ ਇਹ ਪਰਿਵਾਰ ਸਿੱਖ ਧਰਮ ਦੇ ਪ੍ਰਚਾਰ ਵਿਚ ਅਹਿਮ ਰੋਲ ਅਦਾ ਕਰਦਾ ਰਿਹਾ।

1947 ਤਕ ਇਹ ਪਰਿਵਾਰ ਵਧੇਰੇ ਕਰ ਕੇ ਖਾਂਡਾ ਲੁਬਾਣਾ ਵਿਚ ਹੀ ਰਿਹਾ ਸੀ। ਪਰ ਉਸ ਵੇਲੇ ਵੀ ਇਨ੍ਹਾਂ ਦੇ ਨਾਤੇਦਾਰ ਕਸ਼ਮੀਰ ਤੇ ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਫੈਲ ਚੁਕੇ ਸਨ। ਅਜ ਵੀ ਇਨ੍ਹਾਂ 'ਚੋਂ ਕੁਝ ਪਰਿਵਾਰ ਜੰਮੂ ਜ਼ਿਲ੍ਹਾ ਵਿਚ ਰਹਿ ਰਹੇ ਹਨ। ਅਜ ਲੁਬਾਣੇ ਸਿਰਫ਼ ਪੰਜਾਬ ਦੇ ਹਰ ਜ਼ਿਲ੍ਹੇ ਤੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਹੀ ਨਹੀਂ ਬਲਕਿ ਇਂਗਲੈਂਡ, ਅਮਰੀਕਾ, ਕਨੇਡਾ, ਬੈਲਜੀਅਮ, ਇਟਲੀ, ਜਰਮਨੀ, ਆਸਟਰੀਆ, ਹਾਲੈਂਡ, ਅਸ਼ਟੇਰਲੀਆ, ਨਿਊਜ਼ੀਲੈਂਡ ਅਤੇ ਦਰਜਨਾਂ ਹੋਰ ਦੇਸਾਂ ਵਿਚ ਫੈਲ ਚੁਕੇ ਹਨ।

ਭਾਈ ਮੱਖਣ ਸ਼ਾਹ ਪਰਿਵਾਰ ਨੇ ਪੰਥਕ ਕਾਰਜਾਂ ਵਾਸਤੇ ਦਸਵੰਧ ਭੇਟਾ ਕਰਨ ਦੀ ਰਿਵਾਇਤ ਅੱਜ ਵੀ ਸੰਭਾਲੀ ਹੋਈ ਹੈ।

ਭਾਈ ਮਖਣ ਸ਼ਾਹ ਲੁਬਾਣਾ ਦਾ ਕੁਰਸੀਨਾਮਾ



ਗਿਆਨੀ ਸਰੂਪ ਸਿੰਘ ਕਡਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕਡਿਆਣਾ ਤਹਿ: ਫਿਲੌਰ (ਜਲੰਧਰ)

ਲੁਬਾਣਾ ਬਰਾਦਰੀ ਦੇ ਕੁਝ ਅਨਮੋਲ ਹੀਰੇ

ਬਾਬਾ ਪ੍ਰੇਮ ਸਿੰਘ ਮੁਰਾਲਾ ਵਾਲੇ

ਬਾਬਾ ਪ੍ਰੇਮ ਸਿੰਘ ਦਾ ਜਨਮ 1882 ਵਿਚ ਗੁਜਰਾਤ ਜ਼ਿਲ੍ਹੇ ਦੇ ਇਕ ਪਿੰਡ ਖੋਤੀ ਦੂੰਨਾ ਸਿੰਘ ਵਿਚ ਹੋਇਆ ਸੀ। ਜਦ ਉਹ 10 ਸਾਲ ਦੇ ਹੋਏ ਤਾਂ ਉਹ ਮੁਰਾਲਾ ਪਿੰਡ ਵਿਚ ਬਾਬਾ ਬਿਸ਼ਨ ਸਿੰਘ ਦੇ ਡੇਰੇ 'ਤੇ ਗੁਰਮੁੱਖੀ ਲਿਪੀ, ਗੁਰਬਾਣੀ ਅਤੇ ਕੀਰਤਨ ਸਿੱਖਣ ਵਾਸਤੇ ਗਏ। 1908 ਵਿਚ ਬਾਬਾ ਬਿਸ਼ਨ ਸਿੰਘ ਚੜ੍ਹਾਈ ਕਰ ਗਏ ਅਤੇ ਸੰਗਤਾਂ ਵੱਲੋਂ ਡੇਰੇ ਦੀ ਸੇਵਾ-ਸੰਭਾਲ ਉਨ੍ਹਾਂ ਨੂੰ ਦੇ ਦਿਤੀ ਗਈ।

ਬਾਬਾ ਪ੍ਰੇਮ ਸਿੰਘ ਨੇ ਵਿਦਿਆ ਦੇ ਖੇਤਰ ਵਿੱਚ ਅਹਿਮ ਰੋਲ ਅਦਾ ਕੀਤਾ। ਉਨ੍ਹਾਂ ਨੇ ਪੰਜ ਹਾਈ ਸਕੂਲ ਅਤੇ ਦਰਜਨ ਦੇ ਕਰੀਬ ਮਿਡਲ ਤੇ ਪ੍ਰਾਇਮਰੀ ਸਕੂਲ ਖੋਲ੍ਹੇ। ਇਨ੍ਹਾਂ ਸਕੂਲਾਂ ਵਿਚ ਗ਼ਰੀਬ ਬੱਚਿਆਂ ਨੂੰ ਮੁਫ਼ਤ ਵਿਦਿਆ ਦੇ ਨਾਲ-ਨਾਲ ਕਿਤਾਬਾਂ ਤੇ ਕਪੜੇ ਵੀ ਦਿੱਤੇ ਜਾਇਆ ਕਰਦੇ ਸਨ।

ਉਨ੍ਹਾਂ ਨੇ ਨਾਨਕਾਣਾ ਸਾਹਿਬ (1918 ਵਿਚ) ਅਤੇ ਬਕਾਲਾ ਵਿਚ (1927 ਵਿਚ) ਲੁਬਾਣਾ ਸੰਗਤਾਂ ਦੇ ਰਹਿਣ ਵਾਸਤੇ ਬੁੰਗੇ ਵੀ ਬਣਾਏ। ਜਦੋਂ 1920 ਵਿਚ ਪਹਿਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੁਣੀ ਗਈ ਤਾਂ ਉਹ ਇਸ ਦੇ ਮੈਂਬਰ ਚੁਣੇ ਗਏ। ਆਪ 1950 ਤਕ ਸ਼੍ਰੋਮਣੀ ਕਮੇਟੀ ਦੇ ਮੈਂਬਰ ਚੁਣੇ ਜਾਂਦੇ ਰਹੇ। ਆਪ 1926, 1933, 1936, 1939 ਤੇ 1944 ਵਿਚ ਹਰ ਵਾਰ ਚੋਣ ਜਿਤੇ। 1950 ਵਿਚ ਚੜ੍ਹਾਈ ਕਰਨ ਤਕ ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ।

1937 ਅਤੇ 1948 ਵਿਚ ਆਪ ਇਸ ਦੀ ਐਗਜ਼ੈਕਿਟਵ ਵਿਚ ਵੀ ਚੁਣੇ ਗਏ ਸਨ। ਆਪ 1937 ਤੇ 1946 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਟਿਕਟ 'ਤੇ ਗੁਜਰਾਤ-ਸ਼ਾਹਪੁਰ ਅਸੈਂਬਲੀ ਤੋਂ ਐਮ.ਐਲ.ਏ. ਵੀ ਚੁਣੇ ਗਏ ਸਨ। ਆਪ ਪਹਿਲੀ ਵਾਰੀ 1937 ਵਿਚ ਐਮ.ਐਲ.ਏ. ਬਣੇ। ਆਪ ਨੇ 10921 ਵਿਚੋਂ 6901 ਵੋਟਾਂ ਲੈ ਕੇ ਖਾਲਸਾ ਨੈਸ਼ਨਲਿਸਟ ਪਾਰਟੀ ਦੇ ਸਰਦਾਰ ਬਹਾਦਰ ਹਰਬੰਸ ਸਿੰਘ ਨੂੰ 3281 ਵੋਟਾਂ ਤੇ ਹਰਾਇਆ। ਆਪ ਨੂੰ ਤਕਰੀਬਨ 68% ਵੋਟਾਂ ਪਈਆਂ ਸਨ। ਆਪ ਲੋਕਾਂ ਵਿਚ ਏਨੇ ਹਰਮਨ ਪਿਆਰੇ ਸਨ ਕਿ ਆਪ ਨੇ 75% ਤੋਂ ਵੀ ਵਧ ਵੋਟਾਂ ਹਾਸਿਲ ਕੀਤੀਆਂ ਸਨ। 1946 ਦੀਆਂ ਚੋਣਾਂ ਵਿਚ ਆਪ ਨੇ 11854 ਵਿਚੋਂ 9357 ਵੋਟਾਂ ਹਾਸਿਲ ਕੀਤੀਆਂ ਸਨ। ਆਪ ਨੇ ਇਕ ਸੱਚੇ ਐਮ.ਐਲ.ਏ. ਵਾਲਾ ਫ਼ਰਜ਼ ਨਿਭਾਉਂਦਿਆਂ ਅਸੈਂਬਲੀ ਵਿਚ ਹਮੇਸ਼ਾ ਆਪਣੇ ਇਲਾਕੇ ਦੇ ਮਸਲੇ ਉਠਾਏ।

1945 ਵਿਚ ਵਲੋਂ ਪਹਿਲੀ ਆਲ ਇੰਡੀਆ ਸਿੱਖ ਲੀਗ ਕਾਇਮ ਹੋਈ ਤਾਂ ਆਪ ਇਸ ਦੇ ਪ੍ਰਧਾਨ ਤੇ ਬਾਬਾ ਹਰਨਾਮ ਸਿੰਘ ਜਨਰਲ ਸਕੱਤਰ ਚੁਣੇ ਗਏ। ਆਪ ਦੀ ਅਗਵਾਈ ਵਿਚ ਇਸ ਜਥੇਬੰਦੀ ਨੇ ਲੁਬਾਣਿਆਂ ਵਿਚ ਭਾਈਚਾਰਕ ਏਕਤਾ ਕਾਇਮ ਕਰਨ ਵਿਚ ਬੜਾ ਅਹਿਮ ਰੋਲ ਅਦਾ ਕੀਤਾ।

1942 ਵਿਚ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਹੱਟ ਸਾਹਿਬ ਦੀ ਬਾਉਲੀ ਦਾ ਨੀਂਹ ਰਖਣ ਵਾਲੇ ਪੰਜ ਪਿਆਰਿਆਂ ਵਿਚ ਆਪ ਵੀ ਸਨ (ਦੂਜੇ ਚਾਰ ਸਨ: ਜ: ਅਛਰ ਸਿੰਘ, ਬਾਬਾ ਭਾਗ ਸਿੰਘ, ਬਾਬਾ ਜਵਾਲਾ ਸਿੰਘ ਹਰਖੋਵਾਲ ਤੇ ਬਾਬਾ ਜਗਤ ਸਿੰਘ) ਆਪ ਪਟਨਾ ਸਾਹਿਬ ਗੁਰਦੁਆਰੇ ਦਾ ਨਕਸ਼ਾ ਬਨਾਉਣ ਲਈ ਬਣਾਈ ਪੰਜ ਮੈਂਬਰੀ ਸਬ ਕਮੇਟੀ ਦੇ ਮੈਂਬਰ ਵੀ ਸਨ।

ਆਪ ਨੇ 1920 ਤੋਂ 25 ਤਕ ਗੁਰਦੁਆਰਾ ਸੁਧਾਰ ਲਹਿਰ ਅਹਿਮ ਹਿੱਸਾ ਪਾਇਆ ਅਤੇ ਆਪਣੇ ਇਲਾਕੇ ਤੇ ਹੋਰ ਇਲਾਕਿਆਂ ਵਿਚੋਂ ਲੁਬਾਣਾ ਬਿਰਾਦਰੀ ਦੇ ਜਥੇ ਮੋਰਚਿਆਂ ਵਿਚ ਗ੍ਰਿਫ਼ਤਾਰੀਆਂ ਦੇਣ ਵਾਸਤੇ ਭੇਜੇ। ਆਪ ਨੇ ਵਖ-ਵਖ ਇਲਾਕਿਆਂ ਵਿਚ ਧਰਮ ਪ੍ਰਚਾਰ ਕੀਤਾ ਅਤੇ ਬਹੁਤ ਸਾਰੇ ਵਣਜਾਰਿਆਂ ਤੇ ਹੋਰਨਾਂ ਨੂੰ ਸਿੱਖੀ ਵਿਚ ਸ਼ਾਮਿਲ ਕੀਤਾ।



ਗੁਰਦੁਆਰਾ ਡੇਰਾ ਸੰਤ ਪ੍ਰੇਮ ਸਿੰਘ ਮੁਰਾਲਾ ਬੇਗੋਵਾਲ (ਕਪੂਰਥਲਾ)

ਬਾਬਾ ਮਾਝਾ ਸਿੰਘ

ਬਾਬਾ ਮਾਝਾ ਸਿੰਘ ਦਾ ਜਨਮ 1866 ਵਿਚ ਕਪੂਰਥਲਾ ਰਿਆਸਤ ਦੇ ਪਿੰਡ ਮਕਸੂਦਪੁਰ ਵਿਖੇ ਹੋਇਆ ਸੀ। ਛੋਟੀ ਉਮਰ ਵਿਚ ਹੀ ਆਪ ਦੇ ਮਾਪੇ ਚੜ੍ਹਾਈ ਕਰ ਗਏ ਤੇ ਆਪ ਡੇਰਾ ਹੋਤੀ ਮਰਦਾਨ ਵਿਚ ਰਹਿਣ ਲਗ ਪਏ। 1937 ਵਿਚ ਆਪ ਇਸ ਡੇਰੇ ਦੇ ਮੁੱਖੀ ਬਣਾਏ ਗਏ। 1947 ਤੋਂ ਮਗਰੋਂ ਆਪ ਵਧੇਰਾ ਸਮਾਂ ਮਕਸੂਦਪੁਰ ਵਿਚ ਹੀ ਰਹੇ। 1969 ਵਿਚ ਆਪ ਨੇ ਨਡਾਲਾ ਵਿਚ ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ ਦੀ ਨੀਂਹ ਰੱਖੀ। ਆਪ 105 ਸਾਲ ਦੀ ਉਮਰ ਵਿਚ 1971 ਵਿਚ ਚੜ੍ਹਾਈ ਕਰ ਗਏ।

ਗੁਰਦੁਆਰਾ ਡੇਰਾ ਕਰਮ ਸਿੰਘ ਹੋਤੀ ਮਰਦਾਨ, ਮਕਸੂਦਪੁਰ (ਕਪੂਰਥਲਾ)

ਬਾਬਾ ਮਾੜਾ ਸਿੰਘ

ਬਾਬਾ ਹਰਨਾਮ ਸਿੰਘ

ਬਾਬਾ ਹਰਨਾਮ ਸਿੰਘ ਦਾ ਜਨਮ 1915 ਵਿਚ ਜ਼ਿਲ੍ਹਾ ਗੁਜਰਾਤ ਦੇ ਪਿੰਡ ਖੋੜੀ ਦੂੰਨਾ ਸਿੰਘ ਵਿਚ ਹੋਇਆ ਸੀ। ਆਪ ਨੇ 16 ਸਾਲ ਦੀ ਉਮਰ ਵਿਚ ਟਾਂਡਾ ਦੇ ਗੁਰੂ ਗੋਬਿੰਦ ਸਿੰਘ ਖਾਲਸ ਲੁਬਾਣਾ ਹਾਈ ਸਕੂਲ ਤੋਂ ਦਸਵੇਂ ਅਤੇ 1936 ਵਿਚ ਸਿੱਖ ਨੈਸ਼ਨਲ ਕਾਲਜ ਲਾਹੌਰ ਤੋਂ ਬੀ.ਏ. ਪਾਸ ਕੀਤੀ।

ਬਾਬਾ ਹਰਨਾਮ ਸਿੰਘ ਨੇ ਜਵਾਨੀ ਵਿਚ ਹੀ ਆਪਣੇ ਇਲਾਕੇ ਵਿਚ ਗੁਰਮਤਿ ਦਾ ਪ੍ਰਚਾਰ ਸ਼ੁਰੂ ਕਰ ਦਿਤਾ ਸੀ। ਵਿਦਿਆ ਅਤੇ ਲੋਕ ਭਲਾਈ ਦੇ ਕੰਮਾਂ ਵਿਚ ਵੀ ਉਨ੍ਹਾਂ ਵਧ ਚੜ੍ਹ ਕੇ ਹਿੱਸਾ ਪਾਇਆ। 1941 ਵਿਚ ਆਪ ਨੇ ਹਫਤਾਵਾਰ 'ਪ੍ਰੇਮ ਸੰਦੇਸ਼' ਨਾਂ ਦਾ ਰਿਸਾਲਾ ਵੀ ਸ਼ੁਰੂ ਕੀਤਾ। 1950 ਵਿਚ ਬਾਬਾ ਪ੍ਰੇਮ ਸਿੰਘ ਮੁਰਾਲਾ ਜੀ ਦੇ ਚੜ੍ਹਾਈ ਕਰ ਜਾਣ ਮਗਰੋਂ ਲੁਬਾਣਾ ਬਿਰਾਦਰੀ ਦੀ ਅਗਵਾਈ ਆਪ ਦੇ ਹਿੱਸੇ ਵਿਚ ਆਈ।

ਬਾਬਾ ਹਰਨਾਮ ਸਿੰਘ ਤਿੰਨ ਵਾਰ ਐਮ.ਐਲ.ਏ. ਵੀ ਚੁਣੇ ਗਏ ਅਤੇ 1970-71 ਵਿਚ ਖੇਤੀਬਾੜੀ ਤੇ ਜੰਗਲਾਤ ਦੇ ਰਾਜ ਮੰਤਰੀ ਵੀ ਰਹੇ। ਆਪ 1981 ਵਿਚ 66 ਸਾਲ ਦੀ ਉਮਰ ਵਿਚ ਚੜ੍ਹਾਈ ਕਰ ਗਏ।

ਆਪ ਦੇ ਬੇਟੇ ਆਪ ਦੇ ਜਿਊਂਦਿਆਂ ਹੀ ਚੜ੍ਹਾਈ ਕਰ ਚੁਕੇ ਸਨ ਇਸ ਕਰ ਕੇ ਆਪ ਤੋਂ ਮਗਰੋਂ ਬੀਬੀ ਜਗੀਰ ਕੌਰ ਡੇਰੇ ਦੀ ਮੁਖੀ ਬਣਾਈ ਗਈ।

ਬਾਬਾ ਹਰਨਾਮ ਸਿੰਘ

ਗਿਆਨੀ ਚੇਤ ਸਿੰਘ

ਗਿਆਨੀ ਚੇਤ ਸਿੰਘ, ਜੋ 1944 ਤੋਂ 1974 ਤਕ ਤੀਹ ਸਾਲ ਦਰਬਾਰ ਸਾਹਿਬ ਦੇ ਗ੍ਰੰਥੀ ਤੇ (1963 ਤੋਂ 1974 ਤਕ) ਹੈੱਡ ਗ੍ਰੰਥੀ ਰਹੇ, ਦਾ ਜਨਮ 1902 ਵਿਚ ਜ਼ਿਲ੍ਹਾ ਗੁਜਰਾਤ ਦੇ ਪਿੰਡ ਭਖਰੇਵਾਲੀ ਵਿਚ ਹੋਇਆ ਸੀ। 17 ਸਾਲ ਦੀ ਉਮਰ ਵਿਚ ਉਹ ਗਿਆਨੀ ਅਮੀਰ ਸਿੰਘ ਦੇ ਡੇਰੇ ' ਤੇ ਅੰਮ੍ਰਿਤਸਰ ਆ ਗਏ ਤੇ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਲਈ। ਦੋ ਸਾਲ ਮਗਰੋਂ ਉਹ ਡੇਰਾ ਮੁਰਾਲਾ ਚਲੇ ਗਏ ਅਤੇ ਉੱਥੇ ਸੇਵਾ ਕਰਨ ਲਗ ਪਏ। ਉਨ੍ਹਾਂ ਨੇ ਗੁਰਦੁਆਰਾ ਸੁਧਾਰ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲਿਆ। 1924 ਵਿਚ ਉਨ੍ਹਾਂ ਨੇ ਭਾਈ ਫੇਰੂ ਦੇ ਮੋਰਚੇ ਵਿਚ ਜਥਾ ਲੈ ਕੇ ਗ੍ਰਿਫ਼ਤਾਰੀ ਦਿਤੀ ਤੇ 6 ਮਹੀਨੇ ਮੁਲਤਾਨ ਜੇਲ੍ਹ ਵਿਚ ਕੈਦ ਰਹੇ।

ਗਿ. ਚੇਤ ਸਿੰਘ 1931 ਵਿਚ ਗੁਜਰਾਂਵਾਲਾ ਦੇ ਗ੍ਰੰਥੀ ਥਾਪੇ ਗਏ। 1944 ਵਿਚ ਉਨ੍ਹਾਂ ਨੂੰ ਦਰਬਾਰ ਸਾਹਿਬ ਦਾ ਗ੍ਰੰਥੀ ਤੇ 1963 ਵਿਚ ਹੈੱਡ ਗ੍ਰੰਥੀ ਲਾਇਆ ਗਿਆ। 30 ਸਾਲ ਦਰਬਾਰ ਸਾਹਿਬ ਦੀ ਸੇਵਾ ਕਰਨ ਮਗਰੋਂ 1974 ਵਿਚ ਆਪ 72 ਸਾਲ ਦੀ ਉਮਰ ਵਿਚ ਉਹ ਰਿਟਾਇਰ ਹੋਏ ਤੇ ਆਪਣੀ ਅੰਤਲੀ ਉਮਰ ਅੰਮ੍ਰਿਤਸਰ ਵਿਚ ਹੀ ਬਿਤਾਈ।

ਗਿਆਨੀ ਚੇਤ ਸਿੰਘ

ਗਿਆਨੀ ਹੇਮ ਸਿੰਘ

ਗਿਆਨੀ ਹੇਮ ਸਿੰਘ ਦਾ ਜਨਮ 1910 ਵਿਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਟਾਂਡਾ ਰਾਮ ਸਹਾਇ ਵਿਚ ਹੋਇਆ ਸੀ। ਆਪ ਨੇ 16 ਸਾਲ ਦੀ ਉਮਰ ਵਿਚ ਦਸੂਹਾ ਤੋਂ ਦਸਵੀਂ ਤੇ 21 ਸਾਲ ਦੀ ਉਮਰ ਵਿਚ ਗਿਆਨੀ ਪਾਸ ਕੀਤੀ ਤੇ ਬੀ.ਏ. ਦੀ ਡਿਗਰੀ ਵੀ ਹਾਸਿਲ ਕੀਤੀ । ਆਪ ਨੇ ਵਿਦਿਆ ਅਤੇ ਲੋਕ ਭਲਾਈ ਦੇ ਕੰਮਾ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਬਾਬਾ ਪ੍ਰੇਮ ਸਿੰਘ ਵਲੋਂ ਚਲਾਈ ਗਈ ਲੁਬਾਣਾ ਸਿੱਖ ਵਿਹਾਰ ਸੁਧਾਰ ਲਹਿਰ ਵਿਚ ਆਪ ਨੇ ਬੜਾ ਅਹਿਮ ਹਿੱਸਾ ਪਾਇਆ। ਆਪ ਨੇ ਬੀਬੀਆਂ ਦੇ ਵਿਦਿਆ, ਸਾਦੇ ਵਿਆਹ, ਛੋਟੀਆਂ ਬਰਾਤਾਂ ਵਾਸਤੇ ਅਤੇ ਜਾਤ ਪਾਤ ਦੇ ਵਿਤਕਰੇ ਦੇ ਖ਼ਿਲਾਫ ਸੰਜੀਦਗੀ ਨਾਲ ਲਹਿਰ ਚਲਾਈ। ਉਨ੍ਹਾਂ ਨੇ ਬਹੁਤ ਸਾਰੇ ਪਿੰਡਾਂ ਵਿਚ ਗੁਰਦੁਆਰੇ ਅਤੇ ਸਕੂਲ ਕਾਇਮ ਕੀਤੇ। ਉਨ੍ਹਾਂ ਨੇ ਸਾਰੀ ਉਮਰ ਲੁਬਾਣਾ ਬਰਾਦਰੀ ਦੀ ਸੇਵਾ ਵਿਚ ਲਾ ਦਿਤੀ।

ਗਿਆਨੀ ਹੇਮ ਸਿੰਘ

ਚੌਧਰੀ ਲੱਖੀ ਸਿੰਘ

ਚੌਧਰੀ ਲੱਖੀ ਸਿਘ ਦਾ ਜਨਮ ਗੁਜਰਾਤ ਜ਼ਿਲ੍ਹੇ ਦੇ ਪਿੰਡ ਟਾਂਡਾ ਵਿਚ 1902 ਵਿਚ ਹੋਇਆ ਸੀ। ਉਨ੍ਹਾਂ ਨੇ ਬੀ.ਏ. ਦੀ ਡਿਗਰੀ ਅਤੇ ਅਕਾਊਂਟਸ ਤੇ ਫ਼ਿਨਾਂਸ ਦੇ ਡਿਪਲੋਮੇ ਹਾਸਿਲ ਕੀਤੇ। 18 ਸਾਲ ਦੀ ਉਮਰ ਵਿਚ ਉਨ੍ਹਾਂ ਨੇ ਕਸਟੋਡੀਅਨ ਐਂਡ ਰੀਹੈਬਿਲੀਟੇਸ਼ਨ ਮਹਿਕਮੇ ਵਿਚ ਨੌਕਰੀ ਕਰ ਲਈ ਜਿੱਥੇ ਉਹ ਫ਼ਿਨਾਂਸ ਸਲਾਹਕਾਰ ਬਣਾਏ ਗਏ। ਮਗਰੋਂ ਉਹ ਲੋਕਲ ਫੰਡ ਪੰਜਾਬ ਦੇ ਐਗਜ਼ਾਮੀਨਰ ਵੀ ਰਹੇ ਤੇ ਇਸੇ ਅਹੁਦੇ ਤੋਂ 1960 ਵਿਚ ਰਿਟਾਇਰ ਹੋਏ।

ਆਪ ਨੇ ਵੀ ਵਿਦਿਆ ਦੇ ਖੇਤਰ ਵਿਚ ਅਹਿਮ ਹਿੱਸਾ ਪਾਇਆ। ਆਪ ਨੇ ਕਈ ਕਿਤਾਬਾਂ ਵੀ ਲਿਖੀਆਂ ਜਿਨ੍ਹਾਂ ਵਿਚ ਮਿਊਂਸਪਲ ਲਾਅਜ਼, ਅਕਾਊਂਟ ਐਂਡ ਆਡਿਟ, ਸਿਵਲ ਰੈਗੂਲੇਸ਼ਨਜ਼ ਵੀ ਸ਼ਾਮਿਲ ਹਨ। ਆਪ ਨੇ ਕੰਨਿਆ ਪਾਠਸ਼ਾਲਾ ਕਾਇਮ ਕਰ ਕੇ ਬੀਬੀਆਂ ਵਾਸਤੇ ਵਿਦਿਆ 'ਤੇ ਜ਼ੋਰ ਦਿਤਾ। ਆਪ ਗੁਰੂ ਗੋਬਿੰਦ ਸਿੰਘ ਲੁਬਾਣਾ ਹਾਈ ਸਕੂਲ ਟਾਂਡਾ ਦੇ ਸਕੱਤਰ ਵੀ ਰਹੇ।

1962 ਵਿਚ ਆਪ ਨੇ ਪੰਜਾਬ ਅਸੈਂਬਲੀ ਦੀ ਚੋਣ ਲੜੀ ਤੇ ਐਮ.ਐਲ.ਏ. ਬਣ ਗਏ। 75 ਸਾਲ ਦੀ ਉਮਰ ਵਿਚ ਆਪ ਮਿਆਣੀ ਅਫ਼ਗਾਨਾਂ (ਜ਼ਿਲ੍ਹਾ ਹੁਸ਼ਿਆਰਪੁਰ) ਵਿਚ ਚੜ੍ਹਾਈ ਕਰ ਗਏ। ਆਪ ਦਾ ਜਨਮ ਤੇ ਮੌਤ ਦਿਨ ਪਹਿਲੀ ਜਨਵਰੀ ਦਾ ਸੀ।

ਲੁਬਾਣਾ ਬਰਾਦਰੀ ਵਿਚ ਬਾਬਾ ਪ੍ਰੇਮ ਸਿੰਘ ਅਤੇ ਚੌਧਰੀ ਲੱਖੀ ਸਿੰਘ ਤੋਂ ਇਲਾਵਾ ਸ. ਗੋਪਾਲ ਸਿੰਘ ਪੰਜਾਬ ਲੈਜਿਸਲੇਟਿਵ ਕੌਂਸਲ (1919-20), ਦੇ ਮੈਂਬਰ ਰਹੇ ਸਨ।

ਲੁਬਾਣਾ ਬਰਾਦਰੀ ਦੇ ਬਾਬਾ ਜਾਗੀਰ ਸਿੰਘ ਵੀ ਕਈ ਸਾਲ ਟਾਂਡਾ ਹਲਕੇ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ ਸਨ।

ਚੌਧਰੀ ਲੱਖੀ ਸਿੰਘ

ਗ਼ਦਰ ਲਹਿਰ, ਗੁਰਦੁਆਰਾ ਸੁਧਾਰ ਲਹਿਰ ਤੇ ਹੋਰ ਮੋਰਚਿਆਂ ਵਿਚ ਲੁਬਾਣਾ ਬਰਾਦਰੀ ਦਾ ਹਿਸਾ

1920 ਤੋਂ 25 ਤਕ ਗੁਰਦੁਆਰਾ ਸੁਧਾਰ ਲਹਿਰ ਵਿਚ ਬਹੁਤ ਸਾਰੇ ਲੁਬਾਣਿਆਂ ਨੇ ਹਿੱਸਾ ਲਿਆ। 1924 ਵਿਚ ਭਾਈ ਫੇਰੂ ਦੇ ਮੋਰਚੇ ਵਿਚ ਗਿ. ਚੇਤ ਸਿੰਘ ਜ਼ਿਲ੍ਹਾ ਗੁਜਰਾਤ ਦੇ ਸਿੱਖਾਂ ਦਾ ਜਥਾ ਲੈ ਕੇ ਗ੍ਰਿਫ਼ਤਾਰੀ ਦਿਤੀ। ਇਸ ਜੱਥੇ ਵਿਚ ਬਹੁਤੇ ਸਿੱਖ ਲੁਬਾਣਾ ਬਰਾਦਰੀ ਦੇ ਸਨ। ਇਸ ਮਗਰੋਂ 13 ਜੁਲਾਈ 1925 ਦੇ ਦਿਨ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਟਾਂਡਾ ਮਾੜੀ ਦੇ ਭਾਈ ਭਗਵਾਨ ਸਿੰਘ ਨੇ ਜੈਤੋ ਦੇ ਮੋਰਚੇ ਵਿਚ ਗ੍ਰਿਫ਼ਤਾਰੀ ਦਿਤੀ। ਕੋਟ ਪਿੰਡੀ ਦਾਸ (ਜ਼ਿਲ੍ਹਾ ਸ਼ੇਖੂਪੁਰਾ) ਦੇ ਸੰਤ ਸਿੰਘ ਨੇ ਵੀ ਜੈਤੋ ਮੋਰਚੇ ਵਿਚ ਜੇਲ੍ਹ ਯਾਤਰਾ ਕੀਤੀ। ਸ. ਸਰਦਾਰ ਸਿੰਘ ਪਿੰਡ ਬਜੁਰਗਵਾਲ (ਜ਼ਿਲ੍ਹਾ ਗੁਜਰਾਤ) ਵੀ ਇਸ ਮੋਰਚੇ ਵਿਚ ਜੇਲ੍ਹ ਗਏ ਸਨ। ਭਾਈ ਫੇਰੂ ਦੇ ਮੋਰਚੇ ਵਿਚ ਲਛਮਣ ਸਿੰਘ ਪੁਤਰ ਗਰਭਾ ਸਿੰਘ ਤੇ ਭੈਚਾ ਸਿੰਘ ਪੁੱਤਰ ਜਵਾਲਾ ਸਿੰਘ (ਪਿੰਡ ਟਾਂਡਾ ਜ਼ਿਲ੍ਹਾ ਗੁਜਰਾਤ) ਵੀ ਜੇਲ੍ਹ ਵਿਚ ਰਹੇ ਸਨ। ਬਜੁਰਗਵਾਲ ਦੇ 5, ਟਾਂਡਾ ਦੇ 6 ਅਤੇ ਕੁਆਂਖ ਅਤੇ ਬਖਰੇਵਾਲੀ ਦੇ ਇਕ-ਇਕ ਲੁਬਾਣਾ ਸਿੱਖ ਇਸ ਮੋਰਚੇ ਵਿਚ ਜੇਲ੍ਹ ਗਏ ਸਨ। ਜੈਤੋ ਮੋਰਚੇ ਵਿੱਚ ਬਜੁਰਗਵਾਲ ਦੇ ਇਕ, ਬਖਰੇਵਾਲੀ ਦੇ ਇਕ, ਨੰਗਲ ਬਾਬਾ ਦੇ 2, ਕੋਟ ਪਿੰਡੀ ਦਾਸ ਦੇ 4, ਛਾਮਕੇ ਦੇ 5, ਬਾਬਨਵਾਲ ਦੇ 2, ਮਸ ਚਕ ਤੇ ਆਹੀਆ ਦੇ ਇਕ ਇਕ ਲੁਬਾਣਾ ਸਿੰਘ ਜੈਤੋ ਮੋਰਚੇ ਵਿਚ ਗ੍ਰਿਫ਼ਤਾਰ ਹੋਏ ਸਨ। ਬਜੁਰਗਵਾਲ ਦੇ ਫੌਜੀ ਸਿੰਘ ਸਰਦਾਰ ਦੀ ਤਾਂ ਪੈਨਸ਼ਨ ਵੀ ਜ਼ਬਤ ਕਰ ਲਈ ਗਈ ਸੀ। ਗੁਰੂ ਦਾ ਬਾਗ ਮੋਰਚੇ ਵਿਚ ਗਿ: ਹਰਚਰਨ ਸਿੰਘ ਪੁੱਤਰ ਸੇਵਾ ਸਿੰਘ ਜੇਲ੍ਹ ਗਏ।

ਗ਼ਦਰ ਪਾਰਟੀ ਤੇ ਅਜਾਦੀ ਵਾਸਤੇ ਲਗੇ ਕਹੀ ਹੋਰ ਮੋਰਚਿਆਂ ਵਿਚ ਵੀ ਬਹੁਤ ਸਾਰੇ ਲੁਬਾਣੇ ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿਤੀਆਂ ਸਨ। 1955 ਤੇ 1960 ਦੇ ਪੰਜਾਬੀ ਸੂਬਾ ਮੋਰਚੇ ਵਿਚ ਸੈਂਕੜੇ ਲੁਬਾਣੇ ਸਿੱਖ ਜੇਲ੍ਹਾਂ ਵਿਚ ਗਏ।

1978 ਤੋਂ ਮਗਰੋਂ ਤੇ ਖਾਸ ਕਰ ਕੇ 1984 ਤੋਂ ਮਗਰੋਂ ਵੀ ਬਹੁਤ ਸਾਰੇ ਲੁਬਾਣਿਆਂ ਨੇ ਪੰਥਕ ਜੱਦੋਜਹਿਦ ਵਿਚ ਹਿੱਸਾ ਪਾਇਆ ਤੇ ਕਈ ਸਿੰਘ ਸ਼ਹੀਦ ਵੀ ਹੋਏ। ਅੱਜ ਵੀ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿਚ ਬਹੁਤ ਸਾਰੇ ਲੁਬਾਣੇ ਸਿੰਘ ਪੰਥ ਦੀ ਚੜ੍ਹਦੀ ਕਲਾ ਵਾਸਤੇ ਅੱਗੇ ਵਧ ਚੜ੍ਹ ਕੇ ਹਿੱਸਾ ਪਾ ਰਹੇ ਹਨ।

ਵਿਸ਼ੇਸ਼ ਧੰਨਵਾਦ:

ਸ: ਜਸਵੰਤ ਸਿੰਘ ਢਿਲਵਾਂ
ਸ: ਪ੍ਰਿਤਪਾਲ ਸਿੰਘ ਚੰਡੀਗੜ੍ਹ
ਸ: ਸਰਬਜੀਤ ਸਿੰਘ ਢੱਡਾ
ਸ: ਸਰੂਪ ਸਿੰਘ ਤੂੜ
ਸ: ਹਰਦੀਪ ਸਿੰਘ ਪਾਣੀਪਤ
ਸ: ਉਜੱਵਲ ਸਿੰਘ
ਸ: ਫੁੱਮਣ ਸਿੰਘ
ਸ: ਪਲਵਿੰਦਰ ਸਿੰਘ
ਸ: ਜਸਵਰਨ ਸਿੰਘ
ਸ: ਕਿਰਪਾਲ ਸਿੰਘ
ਸ: ਅਮਰੀਕ ਸਿੰਘ
ਸ: ਲਾਭ ਸਿੰਘ
ਸ: ਜਸਵੀਰ ਸਿੰਘ
ਸ: ਗੁਲਜ਼ਾਰ ਸਿੰਘ
ਸ: ਹਰਜਿੰਦਰ ਸਿੰਘ
ਗਿਆਨੀ ਗੁਰਮੀਤ ਸਿੰਘ
ਸ: ਮਨਜੀਤ ਸਿੰਘ
ਸ: ਸਤਨਾਮ ਸਿੰਘ
ਸ: ਜਗਦੀਸ਼ ਸਿੰਘ ਭਾਊ
ਸ: ਜਸਵੀਰ ਸਿੰਘ ਖਾਲਸਾ
ਸ: ਸੇਵਾ ਸਿੰਘ
ਸ: ਸੁੱਚਾ ਸਿੰਘ
ਸ: ਬਲਵੀਰ ਸਿੰਘ
ਸ: ਗੁਰਨੈਬ ਸਿੰਘ
ਸ: ਕਮਲਜੀਤ ਸਿੰਘ
ਸ: ਅਮਰੀਕ ਸਿੰਘ
ਸ: ਗੁਰਪ੍ਰੀਤ ਸਿੰਘ ਮਠਾੜੂ
ਗਿਆਨੀ ਅਵਤਾਰ ਸਿੰਘ ਲੁਧਿਆਣਾ

ਮਿਲਣ ਦਾ ਪਤਾ:

S. Kulwinder Singh
c/ Parelluis Rodes. 54.2-1
17430 Santa Coloma De Farner, **Spain**
Tel 00 (34) 972843753, 627895815
Email: sikhmissioninternational@yahoo.com

Gurdwara Gurdarshan Sahib,
C/ Hospital 97, BAJO
08001 **Barcelona, Spain**. Tel 00 (34) 934438882

Guru Nanak Association
Av Hermanos Macchdo, 55 BAJO,
46019, **Valencia, Spain**. Tel 00(34) 961336206

S. Gulzar Singh
Guru Ladho Re Asociacion **(Spain)**
Tel 00(34) 637164082

Gurdwara Austria
Langobarden Str 47/51
1220 Wien, **Austria.** Tel 00(43) 12807375

S. Kirpal Singh
Diamanthorst 287
2592 GG Den Haag, **Holland**. Tel 00(31) 647984914

S. Paramjit Singh
Elisabethen Str 49 B
60594 F.F.M., **Germnay**. Tel 00(49) 1622576766

Satwinder Singh & Paramjit Singh **ITALY** 00(39) 3487137807

USA:
Gurdwara Baba Makhan Shah Lubana, New York, **USA**

CDs & Books by Dr Harjinder Singh Dilgeer

(*Books with mark # are out of print*)

ENGLISH:

* Akal Takht Sahib (1980, 1995)
* Who Are The Sikhs ? *Mini* (1991) #
* Sikhs' Struggle for Sovereignity (1992)
* The Sikh Reference Book (1997)
* Who Are The Sikhs ? *Enlarged edition* (2000) # (New edition 2007)
* The Sikh Culture (2002)
* Anandpur Sahib (2003)
* **Encyclopedia of Jalandhar** (2004)
* **Dictionary of Sikh Philosophy** (2005)
* **Chronology of Sikhism** (Forthcoming)
* Guru Granth Sahib - A Tract (2005)
* **Guru Granth Sahib - Spiritual Manifesto of the World** (in press)

PUNJABI:

* History of Shiromani Akali Dal (1978, 2000)
* Akal Takht Sahib (1986, 2000, 2005)
* Khalistan Di Twarikh (1988) #
* Sikh Hijackers (1989) #
* Kharku Lekh (1990)#
* Sikh Jujharvad Te Hor Lekh (1991) #
* Jujhru Kalam (1992) #
* Sikh Culture (1991,94,96) # now p*ublished as*: Sikh Phil. Ki Hai Te Hor Lekh
* Akali Lehar Da Kalam (1998)
* Sikh Masley (1998)#
* Sikh Qaun Han? (1999, 2007)
* 1955 Da Punjabi Suba Morcha (1999)
* Jaito Morchey De Akkhin Ditthe Haal (edited. 1999, 2002)
* **Anandpur Sahib** (1998, enlarged edition 2003)
* **Keeratpur Sahib** (2002)
* Shiromani Gurdwara Parbandhak Committee Kiven Bani (2000)
* Guru De Sher (2001)
* Sikh Philosophy Ki Hai Te Hor Lekh (2001)
* **Mata Gujri, Char Sahibzadei, Chalih Muktey** (2005)
* Jeewan Guru Nanak Sahib (October 2005)

* Jeewan Guru Angad Sahib to Guru Harkrishan Sahib (October 2005)
* Jeewan Guru Tegh Bahadur Sahib & Guru Gobind Singh Sahib (October 2005)
* **Baba Banda Singh Bahadur** (2007)
* **Sikhan De Ghallugharay** (2007)
* **Sikh Twarikh:1469-1849** (in press)
* **Sikh Twarikh:1849-1978**(forthcoming)
* Sikh Itihas De Masley (forthcoming)
* Sikh Jathenadian (forthcoming)
* Dunian Nikki Jehi (Autobiography) forthcoming

Hindi:

* Emergency Ke Atiyachar (1977) #
* Anandpur Sahib (2000)
* Sikh Sabhayachaar (2003)
* Sikh Kaun Hain ? (2005)

Danish:

Hvem Er Sikherne? (1994) #

Dutch:

Wie Zinj De Sikh ? (1994) #

French

Qui Sont Les Sikhs ? (2001)

Spanish

Quiénes Son Los Sikhs?

CD ROM (English): The Sikh Encyclopedia

Audio CDs (Punjabi):

1. Guru Nanak Sahib (2 CDs) 2. Guru Angad Sahib to Guru Arjan Sahib 3. Guru Hargobind Sahib to Guru Harkrishan Sahib 4. Guru Tegh Bahadur Sahib 5. Guru Gobind Singh Sahib 6. Banda Singh Bahadur (2 CDs) 7. Akal Takht Sahib 8. Bhai Mani Singh 9. Bhai Makhan Shah Lubana & Lakhi Rai Wanjara

Also coming VIDEO CDs:

Akal Takht Sahib, Baba Banda Singh Bahadur..

Price of this 'Bhai Makhan Shah Lubana' book: Euro - 1.00



ਲੇਖਕ :
ਡਾ. ਹਰਜਿੰਦਰ ਸਿੰਘ ਦਿਲਗੀਰ
ਫ਼ੋਨ : 00(91) 94171-83277



ਪ੍ਰਕਾਸ਼ਕ :
ਸ. ਸੁਰਜੀਤ ਸਿੰਘ ਛੰਦੋੜੀ
ਚੇਅਰਮੈਨ
ਸਿੱਖ ਯੂਨੀਵਰਸਿਟੀ ਪ੍ਰੈਸ, ਬੈਲਜੀਅਮ

ਪ੍ਰਕਾਸ਼ਕ :
ਸ. ਕੁਲਵਿੰਦਰ ਸਿੰਘ ਜਾਡਲਾ
ਕਨਵੀਨਰ
ਸਿੱਖ ਮਿਸ਼ਨ ਇੰਟਰਨੈਸ਼ਨਲ, ਸਪੇਨ

ਗੁਰਦੁਆਰਾ ਬਾਬਾ ਬਕਾਲਾ